ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 2| Apr.-June 2026

ISSN: 2583-9446 (O)
Paper Id: ARMN040220
Available online at: www.armaan.org.in
DOI: https://doi.org/10.64119/armaan.vol.4.issue2.20

# ਖੰਡਰ ਤੋਂ ਵਿਆਕਰਣ ਤੱਕ: 'ਦ ਵੇਸਟ ਲੈਂਡ' ਅਤੇ 'ਜੰਗ ਦੀ ਹਾਰ' ਦਾ ਕਾਵਿ-ਸੰਰਚਨਾਤਮਕ ਵਿਸ਼ਲੇਸ਼ਣ

# Khandar Ton Vyakarn Tak: 'The Waste Land' Ate 'Jang Di Haar' Da Kaav-Sanrachnatamak Vishleshan

**ਡਾ. ਅਕਾਲ ਅੰਮ੍ਰਿਤ ਕੌਰ (Dr. Akal Amrit Kaur)**
ਐਸੋਸੀਏਟ ਪ੍ਰੋਫ਼ੈਸਰ ਤੇ ਮੁਖੀ, ਪੰਜਾਬੀ ਵਿਭਾਗ (Associate Prof. & Head, Dept. of Punjabi)
ਲਾਇਲਪੁਰ ਖਾਲਸਾ ਕਾਲਜ ਫ਼ਾਰ ਵਿਮੈਨ, ਜਲੰਧਰ (ਪੰਜਾਬ)-144001
Email ID: akalamrit@gmail.com

**ਸਾਰ (Abstract)**

*ਇਹ ਖੋਜ-ਪੱਤਰ ਦੋ ਕਵਿਤਾਵਾਂ ਨੂੰ ਕੇਂਦਰ ਵਿੱਚ ਰੱਖਦਾ ਹੈ; ਟੀ ਐਸ ਐਲੀਅਟ ਦੀ ਅੰਗਰੇਜ਼ੀ ਕਵਿਤਾ 'ਦ ਵੇਸਟ ਲੈਂਡ' ਅਤੇ ਅਮਰਜੀਤ ਗਰੇਵਾਲ ਦੀ ਪੰਜਾਬੀ ਕਵਿਤਾ 'ਜੰਗ ਦੀ ਹਾਰ'। ਪਹਿਲੀ ਕਵਿਤਾ ਵੀਹਵੀਂ ਸਦੀ ਦੀ ਆਧੁਨਿਕ ਸਭਿਆਚਾਰਕ ਟੁੱਟ-ਭੱਜ, ਆਤਮਕ ਰੁੱਖੇਪਣ ਅਤੇ ਅਰਥ-ਸੰਕਟ ਦਾ ਮਹਾਕਾਵਿਕ-ਵਿਖੰਡਿਤ ਰੂਪ ਹੈ; ਦੂਜੀ ਕਵਿਤਾ ਅਜਿਹੇ ਯੁੱਗ ਦੀ ਕਾਵਿਕ ਪੜ੍ਹਤ ਹੈ ਜਿੱਥੇ ਜੰਗ, ਬਿਰਤਾਂਤਕਾਰੀ, ਭਾਸ਼ਾ, ਤਕਨਾਲੋਜੀ, ਡਾਟਾ, ਰਾਜ ਅਤੇ ਨੈਤਿਕ ਖਾਲੀਪਨ ਇਕੱਠੇ ਹੋ ਕੇ ਮਨੁੱਖੀ ਸੰਸਾਰ ਨੂੰ ਨਵੀ ਕਿਸਮ ਦੀ ਵੇਸਟ ਲੈਂਡ ਵਿੱਚ ਬਦਲ ਰਹੇ ਹਨ। ਸਾਡਾ ਮਕਸਦ ਸਿਰਫ਼ ਦੋ ਕਵਿਤਾਵਾਂ ਦੀ ਤੁਲਨਾ ਕਰਨ ਤੱਕ ਮਹਿਦੂਦ ਨਹੀਂ। ਕੁੱਝ ਪ੍ਰਸ਼ਨ ਉਤਪੰਨ ਕਰਨਾ ਵੀ ਹੈ। ਮਿਸਾਲ ਦੇ ਤੌਰ' ਤੇ ਕਿ ਕੀ ਕਵਿਤਾ ਦੀ ਪ੍ਰਕਿਰਤੀ, ਭੂਮਿਕਾ, ਕਾਵਿਕਤਾ, ਰੂਪਕ-ਸਿਰਜਣ ਅਤੇ ਮਨੁੱਖੀ ਜ਼ਿੰਮੇਵਾਰੀ ਸਮੇਂ ਦੇ ਨਾਲ ਬਦਲਦੀ ਹੈ?ਜੇ ਬਦਲਦੀ ਹੈ ਤਾਂ ਕਿਵੇਂ? ਕੀ ਆਧੁਨਿਕਤਾ ਦੀ ਖੰਡਰ-ਚੇਤਨਾ ਤੋਂ ਸਮਕਾਲੀ ਜੰਗੀ-ਵਿਆਕਰਣ ਦੀ ਕਵਿਤਾ ਤੱਕ ਕੋਈ ਖਾਸ ਕਾਵਿਕ ਰੂਪਾਂਤਰਣ ਨਜ਼ਰ ਆਉਂਦਾ ਹੈ? ਕੀ ਕਵਿਤਾ ਹੁਣ ਸਿਰਫ਼ ਟੁੱਟ-ਭੱਜ ਦੀ ਗੂੰਜ ਨਹੀਂ ਰਹੀ, ਸਗੋਂ ਟੁੱਟ-ਭੱਜ ਪੈਦਾ ਕਰਨ ਵਾਲੀ ਭਾਸ਼ਾ ਅਤੇ ਬਿਰਤਾਂਤਕਾਰੀ ਦੀ ਨਕਾਬਕੁਸ਼ਾਈ ਵੀ ਕਰਦੀ ਹੈ? 'ਦ ਵੇਸਟ ਲੈਂਡ' ਅਤੇ 'ਜੰਗ ਦੀ ਹਾਰ' ਦੇ ਵਿਚਕਾਰ ਸੰਬੰਧ ਸਿਰਫ਼ ਪ੍ਰਭਾਵ ਦਾ ਨਹੀਂ, ਸਗੋਂ ਇਤਿਹਾਸਕ ਕਾਵਿਕ ਚੇਤਨਾ ਦੇ ਵਿਕਾਸ ਦਾ ਵੀ ਹੈ। ਜਿੱਥੇ ਐਲੀਅਟ ਦੀ ਕਵਿਤਾ ਖੰਡਰ ਦਾ ਸੰਗੀਤ ਹੈ; ਉੱਥੇ ਅਮਰਜੀਤ ਗਰੇਵਾਲ ਦੀ ਕਵਿਤਾ ਖੰਡਰ ਪੈਦਾ ਕਰਨ ਵਾਲੀ ਵਿਆਕਰਣ ਦਾ ਮੁਕੱਦਮਾ ਹੈ। ਐਲੀਅਟ ਦੀ ਕਵਿਤਾ ਵਿੱਚ ਵੇਸਟ ਲੈਂਡ ਆਧੁਨਿਕ ਮਨੁੱਖ ਦੇ ਅੰਦਰੂਨੀ ਅਤੇ ਸਭਿਆਚਾਰਕ ਵਿਖੰਡਨ ਦੀ ਪ੍ਰਤੀਕ ਹੈ; ਜੰਗ ਦੀ ਹਾਰ ਵਿੱਚ ਵੇਸਟ ਲੈਂਡ ਨੈੱਟਵਰਕਡ, ਐਲਗੋਰਿਦਮਿਕ, ਬਿਰਤਾਂਤ ਰਾਹੀਂ ਸੰਚਾਲਿਤ ਹੈ। ਉਹ ਸਿਰਫ਼ ਬਰਬਾਦ ਧਰਤੀ ਨਹੀਂ, ਬਰਬਾਦੀ ਦੀ ਗਲੋਬਲ ਵਿਆਕਰਣ ਹੈ। ਇਹ ਕਵਿਤਾ ਕੇਵਲ ਸਾਹਿਤਕ ਰੂਪ ਹੀ ਨਹੀਂ ਮਨੁੱਖੀ ਸਭਿਆਚਾਰ ਦੀ ਗਹਿਰੀ ਸੰਵੇਦਨਾਤਮਕ-ਦਾਰਸ਼ਨਿਕ ਵਿਆਖਿਆ ਵੀ ਹੈ। ਜਿੱਥੇ ਜੰਗ, ਭਾਸ਼ਾ, ਇਤਿਹਾਸ, ਤਕਨਾਲੋਜੀ, ਯਾਦ, ਕਰੁਣਾ ਅਤੇ ਨਵੀਂ ਮਨੁੱਖਤਾ ਦੀ ਸੰਭਾਵਨਾ ਦੇ ਸਵਾਲ ਇਕੱਠੇ ਉਭਰਦੇ ਹਨ।*

***ਕੀਵਰਡ (Keyword):*** *ਬਹੁਸੁਰਤਾ, ਵਿਸੰਗਤੀ, ਕਾਵਿਕ-ਚੇਤਨਾ, ਅਸਤਿਤਵਕ, ਦਾਰਸ਼ਨਿਕ, ਸੰਰਚਨਾਤਮਕ, ਵਿਖੰਡਨ, ਬਿਰਤਾਂਤਕਾਰੀ ।*

ਵੀਹਵੀਂ ਅਤੇ ਇੱਕੀਵੀਂ ਸਦੀ ਦਾ ਸਭ ਤੋਂ ਵੱਡਾ ਅਨੁਭਵ ਸਿਰਫ਼ ਜੰਗ ਨਹੀਂ, ਸਗੋਂ ਜੰਗ ਦੇ ਬਾਅਦ ਵੀ ਵੱਖ-ਵੱਖ ਰੂਪਾਂ ਵਿੱਚ ਜੰਗ ਦੀ ਲਗਾਤਾਰ ਮੌਜੂਦਗੀ ਹੈ। ਕਈ ਵਾਰ ਇਹ ਹਥਿਆਰਾਂ ਦੀ ਦੌੜ ਵਿੱਚ ਹੁੰਦੀ ਹੈ, ਕਈ ਵਾਰ ਰਾਜਾਂ ਦੀਆਂ ਸਰਹੱਦਾਂ ਵਿੱਚ, ਕਈ ਵਾਰ ਬਾਜ਼ਾਰ ਦੀਆਂ ਲਾਲਸਾਵਾਂ ਵਿੱਚ, ਕਈ ਵਾਰ ਡਾਟਾ-ਸੈਂਟਰਾਂ, ਐਲਗੋਰਿਦਮਾਂ, ਨਿਗਰਾਨੀ-ਪ੍ਰਣਾਲੀਆਂ ਅਤੇ ਮੀਡੀਆ ਵਿੱਚ। ਜੰਗ ਸਿਰਫ਼ ਮਰਨ ਮਾਰਨ ਦੀ ਘਟਨਾ ਨਹੀਂ ਰਹੀ;ਉਹ ਬਿਰਤਾਂਤਕਾਰੀ, ਤਕਨੀਕ, ਕਾਨੂੰਨ, ਨੈਤਿਕਤਾ ਅਤੇ ਭਾਸ਼ਾ ਦੀ ਸੰਰਚਨਾ ਬਣ ਗਈ ਹੈ। ਇਸ ਬਦਲੇ ਹੋਏ ਦ੍ਰਿਸ਼ ਨੂੰ ਪੜ੍ਹਨ ਲਈ ਕਵਿਤਾ ਅਹਿਮ ਸਾਧਨ ਹੈ। ਪਰ ਕਵਿਤਾ ਖੁਦ ਵੀ ਬਦਲਦੀ ਹੈ। ਇੱਕ ਯੁੱਗ ਵਿੱਚ ਉਹ ਵਿਰਲਾਪ ਹੁੰਦੀ ਹੈ; ਦੂਜੇ ਵਿੱਚ ਗਵਾਹੀ;ਤੀਜੇ ਵਿੱਚ ਮੁਕੱਦਮਾ;ਚੌਥੇ ਵਿੱਚ ਨਵੀਂ ਭਾਸ਼ਾ ਦੀ ਖੋਜ। 'ਦ ਵੇਸਟ ਲੈਂਡ' ਅਤੇ 'ਜੰਗ ਦੀ ਹਾਰ' ਨੂੰ ਇਕੱਠੇ ਪੜ੍ਹਨਾ ਸਾਨੂੰ ਇਹ ਵੇਖਣ ਦਾ ਮੌਕਾ ਦਿੰਦਾ ਹੈ ਕਿ ਕਿਵੇਂ ਕਵਿਤਾ ਖੰਡਰ ਦੀ ਗੂੰਜ ਤੋਂ ਖੰਡਰ ਪੈਦਾ ਕਰਨ ਵਾਲੀ ਭਾਸ਼ਾ ਦੀ ਵਿਆਕਰਣ ਤੱਕ ਪਹੁੰਚਦੀ ਹੈ। ਵੇਸਟ ਲੈਂਡ ਅਤੇ ਜੰਗ ਦੀ ਹਾਰ ਦੇ ਵਿਚਕਾਰ ਸੰਬੰਧ ਸਿਰਫ਼ ਥੀਮੈਟਿਕ ਨਹੀਂ, ਸਗੋਂ ਐਪੀਸਟੀਮਿਕ ਹੈ। ਇਹਨਾਂ ਦੇ ਅਧਿਐਨ ਲਈ ਚਾਰ ਮੁੱਖ ਸੰਕਲਪ ਆਧਾਰ ਮੁਹੱਈਆ ਕਰਦੇ ਹਨ:

(1) ਜੰਗ (2) ਦੂਜਾਪਣ(3) ਭਾਸ਼ਾ ਅਤੇ (4) ਵਿਆਕਰਣ।

ਜੰਗ ਨੂੰ ਆਮ ਤੌਰ' ਤੇ ਸੈਨਿਕ, ਰਾਜਨੀਤਕ ਜਾਂ ਰਾਜ-ਕੇਂਦਰਿਤ ਘਟਨਾ ਵਜੋਂ ਪੜ੍ਹਿਆ ਜਾਂਦਾ ਹੈ। ਪਰ ਜੰਗ ਨੂੰ ਇੱਕ ਵਿਸਤਾਰਸ਼ੀਲ ਬਣਤਰ ਵਜੋਂ ਵੇਖਿਆਂ; ਇਹ ਉਹ ਬਣਤਰ ਜੋ ਮਨੁੱਖੀ ਸੰਸਾਰ ਨੂੰ ਅਸੀਂ/ਉਹ, ਦੁਸ਼ਮਣ/ਮਿੱਤਰ, ਸੁਰੱਖਿਅਤ/ਖ਼ਤਰਨਾਕ ਵਿੱਚ ਵੰਡਦੀ ਹੈ। ਇਸ ਤਰ੍ਹਾਂ ਜੰਗ ਮੈਦਾਨ ਵਿੱਚ ਲੱਗਣ ਤੋਂ ਪਹਿਲਾਂ ਪਰਸੈਪਸ਼ਨ ਵਿੱਚ ਲੱਗਦੀ ਹੈ। 'ਦੂਜਾਪਣ' ਸਿਰਫ਼ ਕੋਈ ਹੋਰ ਮਨੁੱਖ ਨਹੀਂ,

ਸਗੋਂ ਉਹ ਨੈਤਿਕਤਾ ਹੈ ਜਿਸ ਨਾਲ ਕਿਸੇ ਸਭਿਆਚਾਰ ਦੀ ਪਰਖ ਹੁੰਦੀ ਹੈ। ਜੇ ਦੂਜਾ ਪਹਿਲਾਂ ਹੀ ਖ਼ਤਰਾ/ਰੁਕਾਵਟ ਵਜੋਂ ਪੜ੍ਹਿਆ ਜਾਂਦਾ ਹੈ ਤਾਂ ਜੰਗੀ ਵਿਆਕਰਣ ਮੌਜੂਦ ਹੈ।

ਇਸੇ ਤਰ੍ਹਾਂ ਭਾਸ਼ਾ ਵੀ ਸਿਰਫ਼ ਅਨੁਭਵ ਨੂੰ ਹੀ ਪ੍ਰਗਟ ਨਹੀਂ ਕਰਦੀ;ਉਹ ਅਨੁਭਵ ਨੂੰ ਸੰਰਚਿਤ ਕਰਦੀ ਹੈ। ਵਿਆਕਰਣ ਇੱਥੇ ਸਿਰਫ਼ ਭਾਸ਼ਾ-ਵਿਗਿਆਨਕ ਸਿੰਟੈਕਸ ਨਹੀਂ; ਇਹ ਮਨੁੱਖੀ ਸੰਬੰਧਾਂ, ਕਹਾਣੀਆਂ ਅਤੇ ਨੈਤਿਕ ਸੰਰਚਨਾਵਾਂ ਦੀ ਆਧਾਰ ਭੂਮੀ ਹੈ। ਜਦੋਂ ਵਿਆਕਰਣ ਵਿੱਚ ਹੀ ਵਿਰੋਧ, ਕਬਜ਼ਾ, ਬਾਹਰ ਕੱਢਣਾ, ਦੁਸ਼ਮਣ ਬਣਾਉਣਾ ਹੋਣ ਤਾਂ ਜੰਗ ਪਹਿਲਾਂ ਹੀ ਲਿਖੀ ਜਾ ਚੁੱਕੀ ਹੁੰਦੀ ਹੈ। ਐਲੀਅਟ ਦੀ ਬਹੁਸੁਰਤਾ(Polyphony) ਆਧੁਨਿਕ ਵਿਖੰਡਨ ਦੀ ਬਹੁਸੁਰਤਾ ਹੈ। ਇੱਥੇ ਆਵਾਜ਼ਾਂ ਇਕ-ਦੂਜੇ ਉੱਪਰ ਆ ਜਾਂਦੀਆਂ/ਓਵਰਲੈਪ ਕਰਦੀਆਂ ਹਨ। ਇਸਦੇ ਉਲਟ ਅਮਰਜੀਤ ਗਰੇਵਾਲ ਦੀ ਬਹੁਸੁਰਤਾ ਗਵਾਹੀ ਅਤੇ ਨੈਤਿਕਤਾ ਦੀ ਬਹੁਸੁਰਤਾ ਹੈ। ਇੱਥੇ ਆਵਾਜ਼ਾਂ ਇਕੱਠੀਆਂ ਹੋ ਕੇ ਸਿਰਫ਼ ਸੁਣਾਈ ਨਹੀਂ ਦਿੰਦੀਆਂ ਸਗੋਂ ਸੱਚ ਦੀ ਗਵਾਹੀ ਬਣਦੀਆਂ ਹਨ। 'ਦ ਵੇਸਟ ਲੈਂਡ' ਵਿੱਚ ਆਵਾਜ਼ਾਂ ਅਕਸਰ ਟੁਕੜਿਆਂ ਵਾਂਗ ਉਭਰਦੀਆਂ ਹਨ। ਇਹ ਸਾਰਾ ਕੁਝ ਪਾਠਕ ਨੂੰ ਇੱਕ ਟੁੱਟੇ ਹੋਏ ਧੁਨੀ-ਖੇਤਰ ਵਿੱਚ ਰਹਿਣ ਲਈ ਮਜ਼ਬੂਰ ਕਰਦਾ ਹੈ, ਜਿੱਥੇ ਅਰਥ ਇੱਕ ਲਗਾਤਾਰ ਧਾਰਾ ਵਜੋਂ ਨਹੀਂ, ਸਗੋਂ ਵਿਖੰਡਿਤ ਤਰੰਗਾਂ ਵਜੋਂ ਮਿਲਦਾ ਹੈ। ਜੰਗ ਦੀ ਹਾਰ ਵਿੱਚ, ਇਸਦੇ ਉਲਟ, ਆਵਾਜ਼ਾਂ ਸਪਸ਼ਟ ਤੌਰ' ਤੇ ਮੰਚਿਤ ਹਨ। ਪਹਿਚਾਣਨਯੋਗ, ਨੈਤਿਕ ਤੌਰ' ਤੇ ਸਥਿਤ। ਮਾਂ ਸਿਰਫ਼ ਭਾਵਨਾ ਨਾਲ ਨਹੀਂ ਜੋੜਦੀ;ਉਹ ਜੰਗ ਦੇ ਮਾਪ-ਪੈਮਾਨੇ ਨੂੰ ਹੀ ਬਦਲ ਦਿੰਦੀ ਹੈ। ਬੱਚਾ ਸਿਰਫ਼ ਮਾਸੂਮੀਅਤ ਦਾ ਪ੍ਰਤੀਕ ਨਹੀਂ;ਉਹ ਕਵਿਤਾ ਦਾ ਸਭ ਤੋਂ ਡੂੰਘਾ ਦਾਰਸ਼ਨਿਕ ਪ੍ਰਸ਼ਨ ਖੜ੍ਹਾ ਕਰਦਾ ਹੈ। ਐਲੀਅਟ ਦੀ ਕਵਿਤਾ ਵਿਸੰਗਤੀ (dissonance) ਦੀ ਬਹੁ-ਸੁਰਤਾ ਹੈ ਜਦਕਿ ਜੰਗ ਦੀ ਹਾਰ ਜ਼ਮੀਰ (conscience)ਦੀ ਬਹੁ-ਸੁਰਤਾ ਬਣ ਜਾਂਦੀ ਹੈ।

ਐਲੀਅਟ ਦੀ 'ਦ ਵੇਸਟ ਲੈਂਡ' ਨੂੰ ਆਧੁਨਿਕ ਕਵਿਤਾ ਦੇ ਇਤਿਹਾਸ ਵਿੱਚ ਇੱਕ ਅਹਿਮ ਮੋੜ ਵਜੋਂ ਦੇਖਿਆ ਜਾਂਦਾ ਹੈ। ਜਿੱਥੇ ਕਵਿਤਾ ਸਿਰਫ਼ ਭਾਵਨਾ ਜਾਂ ਦਰਸ਼ਨ ਦੀ ਅਭਿਵਿਅਕਤੀ ਨਹੀਂ ਰਹਿੰਦੀ, ਸਗੋਂ ਇੱਕ ਟੁੱਟੇ ਹੋਏ ਯੁੱਗ ਦੀ ਸੰਰਚਨਾ ਨੂੰ ਆਪਣੀ ਬਣਤਰ ਵਿੱਚ ਹੀ ਲਾਗੂ ਕਰਦੀ ਹੈ। ਇਹ ਕਵਿਤਾ ਆਧੁਨਿਕਤਾ ਨੂੰ ਕੇਵਲ ਵਿਸ਼ੇ ਵਜੋਂ ਨਹੀਂ ਲੈਂਦੀ;ਇਹ ਉਸਦੀ ਵਿਖੰਡਿਤ ਸਮੇਂ-ਭਾਵਨਾ, ਟੁੱਟੀਆਂ ਯਾਦਾਂ, ਵਿਖੰਡਿਤ ਆਵਾਜ਼ਾਂ ਅਤੇ ਡੋਲਦੇ ਆਤਮਕ ਵਿਸ਼ਵਾਸ ਨੂੰ ਅਜਿਹੇ ਰੂਪ ਵਿੱਚ ਘੜਦੀ ਹੈ ਜੋ ਪਾਠਕ ਨੂੰ ਵਿਖੰਡਿਤ ਸਭਿਆਚਾਰ ਵਿਚ ਦਾਖ਼ਲ ਕਰਵਾਉਂਦੀ ਹੈ। ਇਸ ਅਰਥ ਵਿੱਚ 'ਦ ਵੇਸਟ ਲੈਂਡ' ਸਿਰਫ਼ ਆਧੁਨਿਕਤਾਵਾਦੀ ਨਹੀਂ;ਇਹ ਰੂਪ ਨੂੰ ਦਰਾੜ ਵਜੋਂ (form-as-fracture) ਦੀ ਕਵਿਤਾ ਹੈ।

ਪਹਿਲੀ ਵਿਸ਼ਵ ਜੰਗ ਤੋਂ ਬਾਅਦ ਯੂਰਪ ਵਿੱਚ ਜੋ ਆਤਮਕ ਅਤੇ ਸੱਭਿਆਚਾਰਕ ਟੁੱਟ-ਭੱਜ ਉਭਰੀ, ਐਲੀਅਟ ਦੀ ਕਵਿਤਾ ਉਸਦਾ ਪ੍ਰਤੀਬਿੰਬ ਬਣਦੀ ਹੈ। ਪਰ ਇਸਨੂੰ ਕੇਵਲ ਜੰਗ ਦੀ ਕਵਿਤਾ ਵਜੋਂ ਪੜ੍ਹਨਾ ਸੀਮਿਤ ਕਰਨਾ ਹੋਵੇਗਾ। ਇਹ ਸਿੱਧੀ ਜੰਗ ਦੀ ਰਿਪੋਰਟ ਨਹੀਂ; ਇਹ ਜੰਗ ਤੋਂ ਬਾਅਦ ਮਨੁੱਖੀ ਚੇਤਨਾ ਦੀ ਅਸਤਿਤਵਕ ਗਰੀਬੀ (ontological impoverishment) ਦੀ ਕਵਿਤਾ ਹੈ। ਇੱਥੇ ਸੰਸਾਰ ਸਿਰਫ਼ ਬਰਬਾਦ ਨਹੀਂ, ਉਹ ਅੰਦਰੋਂ ਸੁੱਕ ਚੁੱਕਾ, ਸੱਭਿਆਚਾਰਕ ਤੌਰ' ਤੇ ਟੁੱਟਿਆ ਹੋਇਆ ਅਤੇ ਆਤਮਕ ਤੌਰ' ਤੇ ਥੱਕਿਆ ਹੋਇਆ ਹੈ। ਇਸ ਲਈ ਇਸਦੀ ਖੰਡਨ-ਪ੍ਰਕਿਰਤੀ ਸਿਰਫ਼ ਸ਼ੈਲੀਗਤ ਵਿਸ਼ੇਸ਼ਤਾ ਨਹੀਂ; ਇਹ ਜੰਗ-ਪ੍ਰਭਾਵਿਤ ਸਭਿਆਚਾਰ ਦਾ ਗਿਆਨਾਤਮਕ ਰੂਪ ਹੈ। ਜਦੋਂ ਇੱਕ ਯੁੱਗ ਆਪਣਾ ਨੈਤਿਕ ਕੇਂਦਰ ਗੁਆ ਬੈਠਦਾ ਹੈ ਤਾਂ ਉਸਦੀ ਕਵਿਤਾ ਇਕਸਾਰ ਲੈਆਤਮਕ ਏਕਤਾ ਵਿੱਚ ਨਹੀਂ ਬੋਲ ਸਕਦੀ। ਐਲੀਅਟ ਦੀ ਕਵਿਤਾ ਟੁੱਟੀ ਹੋਈ ਸੰਪੂਰਨਤਾ(shattered totality) ਬਣ ਜਾਂਦੀ ਹੈ।

'April is the cruellest month' ਇਹ ਸਤਰ ਪੱਛਮੀ ਕਾਵਿ-ਪਰੰਪਰਾ ਦੇ ਵਿਪਰੀਤ ਹੈ। ਬਸੰਤ, ਜੋ ਆਮ ਤੌਰ' ਤੇ ਨਵੀਂ ਜ਼ਿੰਦਗੀ ਅਤੇ ਉਤਸ਼ਾਹ ਦਾ ਪ੍ਰਤੀਕ ਹੈ, ਇੱਥੇ ਬੇਰਹਿਮੀ ਬਣ ਜਾਂਦੀ ਹੈ। ਅਜਿਹੀ ਦੁਨੀਆ ਵਿੱਚ ਜਿੱਥੇ ਯਾਦ ਦਰਦ ਹੈ ਅਤੇ ਇੱਛਾ ਜ਼ਖਮ ਉੱਥੇ ਨਵ-ਜੀਵਨ ਵੀ ਅਸਹਿਣਸ਼ੀਲ ਬਣ ਜਾਂਦਾ ਹੈ। ਉਸ ਲਈ ਸਮੱਸਿਆ ਮੌਤ ਨਹੀਂ; ਸਮੱਸਿਆ ਇਹ ਹੈ ਕਿ ਜੀਵਨ ਹੁਣ ਮਾਸੂਮ ਤਰੀਕੇ ਨਾਲ ਜਿਉਇਆ ਨਹੀਂ ਜਾ ਸਕਦਾ। Winter, ਜੋ ਆਮ ਤੌਰ' ਤੇ ਸੁੰਨਤਾ ਦਾ ਪ੍ਰਤੀਕ ਹੈ, ਇੱਥੇ ਇੱਕ ਸੁਰੱਖਿਅਤ ਸੁੰਨ ਬਣ ਜਾਂਦੀ ਹੈ। Spring ਇਸਦੇ ਉਲਟ ਉਸ ਸੁੰਨ ਨੂੰ ਭੰਗ ਕਰਦੀ ਹੈ। 'a heap of broken images' ਸਿਰਫ਼ ਚਿੱਤਰ ਨਹੀਂ;ਐਲੀਅਟ ਦੀ ਪੂਰੀ ਕਾਵਿ-ਦ੍ਰਿਸ਼ਟੀ ਦਾ ਕੇਂਦਰ ਹੈ। ਆਧੁਨਿਕ ਸੰਸਾਰ ਚਿੱਤਰਾਂ ਨਾਲ ਭਰਿਆ ਹੋਇਆ ਹੈ, ਪਰ ਉਹ ਕਿਸੇ ਏਕਤਾ ਵਿੱਚ ਨਹੀਂ ਜੁੜਦੇ। ਇਹ ਟੁੱਟੇ ਚਿੱਤਰ ਸਿਰਫ਼ ਰੂਪਕ ਨਹੀਂ;ਟੁੱਟੀ ਹੋਈ ਯਾਦ ਦੀਆਂ ਪ੍ਰਣਾਲੀਆਂ ਹਨ। 'Unreal City' ਆਧੁਨਿਕ ਸ਼ਹਿਰੀ ਅਨੁਭਵ ਦਾ ਅਮਰ ਚਿੰਨ੍ਹ ਹੈ। ਸ਼ਹਿਰ ਭਰਿਆ ਹੋਇਆ ਹੈ, ਪਰ ਅਸਤਿਤਵਕ ਤੌਰ' ਤੇ ਖਾਲੀਪਣ। ਕਵਿਤਾ ਦੀ ਬਹੁ-ਸੁਰਤਾ ਇਸਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ। ਆਵਾਜ਼ਾਂ ਬਦਲਦੀਆਂ ਹਨ, ਭਾਸ਼ਾਵਾਂ ਰਲਦੀਆਂ ਹਨ, ਦ੍ਰਿਸ਼ ਇਕ-ਦੂਜੇ ਵਿੱਚ ਘੁਲ-ਮਿਲ ਜਾਂਦੇ ਹਨ। ਕੋਈ ਇਕ ਸੁਰ ਪੂਰੀ ਕਵਿਤਾ' ਤੇ ਹਕੂਮਤ ਨਹੀਂ ਕਰਦੀ। ਕਵੀ ਖੁਦ ਵੀ ਜਿਵੇਂ ਆਪਣੇ ਪਾਠ ਵਿੱਚ ਖਿੰਡਰ ਜਾਂਦਾ ਹੈ। ਪਾਠਕ ਇਸ ਕਵਿਤਾ ਨੂੰ ਸਿਰਫ਼ ਪੜ੍ਹਦਾ ਨਹੀਂ;ਉਹ ਇਸਦੀ ਅਸਥਿਰਤਾ ਵਿੱਚ ਵਸਦਾ ਹੈ। ਐਲੀਅਟ ਦੀ ਮਿਥਿਹਾਸਕ ਵਿਧੀ ਸੰਸਾਰ ਨੂੰ ਮੁੜ ਇਕਸਾਰ ਨਹੀਂ ਕਰਦੀ ਇਹ ਘਾਟ ਨੂੰ ਹੋਰ ਗਹਿਰਾ ਕਰਦੀ ਹੈ। ਪੁਰਾਣੀਆਂ ਮਿੱਥਾਂ ਇੱਥੇ ਮੁਕਤੀ ਨਹੀਂ ਦਿੰਦੀਆਂ ਉਹ ਸਿਰਫ਼ ਇਹ ਦਿਖਾਉਂਦੀਆਂ ਹਨ ਕਿ ਕੀ ਗੁਆਚ ਗਿਆ ਹੈ?ਇਸ ਕਵਿਤਾ ਦਾ ਪ੍ਰਭਾਵ ਸਾਫ਼ ਭਾਵਨਾ ਨਹੀਂ;ਬੇਚੈਨੀ ਦਾ ਖੇਤਰ ਹੈ। ਉਹ ਸਿਖਾਉਂਦਾ ਨਹੀਂ;ਅਟਕਾਉਂਦਾ ਹੈ। ਨਤੀਜਾ ਨਹੀਂ ਦਿੰਦਾ;ਅਵਸਥਾ ਬਣਾਉਂਦਾ ਹੈ। ਜੇ 'ਦ ਵੇਸਟ ਲੈਂਡ' ਆਧੁਨਿਕ ਖੰਡਰ ਦਾ ਸੰਗੀਤ ਹੈ ਤਾਂ 'ਜੰਗ ਦੀ ਹਾਰ' ਜੰਗ ਨੂੰ ਸਿਰਫ਼ ਹਿੰਸਾ, ਬਰਬਾਦੀ ਜਾਂ ਰਾਸ਼ਟਰੀ ਟਕਰਾਉ ਵਜੋਂ ਹੀ ਨਹੀਂ ਭਾਸ਼ਾ, ਕਹਾਣੀ, ਵਿਆਕਰਣ, ਜਾਇਜ਼ਤਾ (Legitimacy), ਤਕਨਾਲੋਜੀ, ਡਾਟਾ ਅਤੇ ਧਾਰਣਾ ਦੀ ਬਣਤਰ ਵਜੋਂ ਸਮਝਦੀ ਹੈ। ਇਸਦੀ ਕੇਂਦਰੀ ਕਾਵਿਕ-ਦਾਰਸ਼ਨਿਕ ਦਲੀਲ, 'ਜੰਗ ਪਹਿਲਾਂ ਵਾਕ ਵਿੱਚ ਜੰਮਦੀ ਹੈ' ਆਧੁਨਿਕ ਕਾਵਿ-ਚਿੰਤਨ ਲਈ ਇੱਕ ਨਵਾਂ ਮੋੜ ਪੇਸ਼ ਕਰਦੀ ਹੈ। ਇਹ ਪੰਕਤੀ ਕਵਿਤਾ ਦਾ ਕੇਂਦਰੀ ਵਿਚਾਰ-ਬੀਜ ਹੈ। ਇਸ ਨਾਲ ਜੰਗ ਭੌਤਿਕ ਘਟਨਾ ਬਣਨ ਤੋਂ ਪਹਿਲਾਂ ਪ੍ਰਤੀਕਾਤਮਕ ਘਟਨਾ ਬਣ ਜਾਂਦੀ ਹੈ। ਮਾਰਨਾ, ਨਾਮ ਰੱਖਣ ਤੋਂ ਪਹਿਲਾਂ ਨਹੀਂ ਆਉਂਦਾ;ਮਨੁੱਖਤਾ ਖਤਮ ਕਰਨ ਤੋਂ ਪਹਿਲਾਂ ਉਸਦੀ ਭਾਸ਼ਾਈ ਰਚਨਾ ਹੁੰਦੀ ਹੈ। ਨਿਸ਼ਾਨਾ ਪਹਿਲਾਂ ਸ਼ਬਦਾਂ ਵਿੱਚ ਬਣਾਇਆ ਜਾਂਦਾ ਹੈ, ਫਿਰ ਯੋਜਨਾਵਾਂ ਵਿੱਚ। ਜੰਗ ਨੂੰ ਅਕਸਰ ਰਣਨੀਤੀ, ਹਥਿਆਰ, ਸਰਹੱਦਾਂ ਜਾਂ ਸ਼ਕਤੀ-ਰਾਜਨੀਤੀ ਵਿੱਚ ਸਮਝਿਆ ਜਾਂਦਾ ਹੈ। ਪਰ ਇਹ ਕਵਿਤਾ ਦਰਸਾਉਂਦੀ ਹੈ ਕਿ ਇਹ ਸਭ ਕੁੱਝ ਪਹਿਲਾਂ ਤੋਂ ਮੌਜੂਦ ਵਾਰਤਾਲਾਪੀ ਖੇਤਰ' ਤੇ ਨਿਰਭਰ ਹੈ। ਸ਼੍ਰੇਣੀਆਂ, ਕਥਾਵਾਂ, ਕਾਨੂੰਨੀ ਭਾਸ਼ਾ,

ਧਾਰਮਿਕ ਦਾਅਵੇ, ਸੁਰੱਖਿਆ ਦੀ ਸ਼ਬਦਾਵਲੀ। ਇਸ ਅਰਥ ਵਿੱਚ, ਜੰਗ ਪਹਿਲਾਂ ਕਹਾਣੀ ਵਿੱਚ ਬਣਦੀ ਹੈ, ਫਿਰ ਹਕੀਕਤ ਵਿੱਚ। ਕਵਿਤਾ ਦੀ ਕ੍ਰਮਵਾਰਤਾ;ਦਰਬਾਰੀ ਲੇਖਕ, ਪੁਰੋਹਿਤ, ਵਪਾਰੀ, ਜਰਨੈਲ, ਰਾਜਨੀਤਿਕ ਕਵੀ ਆਦਿ ਰਾਹੀਂ ਦਰਸਾਉਂਦੀ ਹੈ ਕਿ ਹਿੰਸਾ ਸੰਸਥਾਵਾਂ ਦੀ ਸਾਂਝੀ ਉਤਪਤੀ ਹੈ। ਦਰਬਾਰ ਕਾਨੂੰਨ ਦਿੰਦਾ ਹੈ; ਧਰਮ ਪਵਿੱਤਰਤਾ; ਬਾਜ਼ਾਰ ਲਾਭ; ਫੌਜ ਤਾਕਤ; ਰਾਜਨੀਤੀ ਲੋੜ; ਅਤੇ ਕਲਾ ਕਈ ਵਾਰ ਭਾਵਾਤਮਕ ਮਹਿਮਾ। ਇਹ ਕਵਿਤਾ ਜੰਗ ਅਧਿਐਨ ਨੂੰ ਕਾਵਿ-ਭਾਸ਼ਾ ਨਾਲ ਜੋੜਦੀ ਹੈ। ਜੰਗ ਦਾ ਨਿਰਮਾਣ ਕੇਵਲ ਹਥਿਆਰਾਂ ਵਿੱਚ ਨਹੀਂ ਹੁੰਦਾ;ਅਰਕਾਈਵਾਂ, ਉਪਦੇਸ਼ਾਂ, ਭਾਸ਼ਣਾਂ, ਸਿਰਲੇਖਾਂ, ਸਮਾਰਕਾਂ ਅਤੇ ਸੌਂਦਰਯਾਤਮਕ ਕਲਾ ਰੂਪਾਂ ਵਿੱਚ ਵੀ ਹੁੰਦਾ ਹੈ। ਇਸ ਤਰ੍ਹਾਂ ਕਵਿਤਾ ਸੱਭਿਆਚਾਰ ਨੂੰ ਹੀ ਸਾਂਝੀ ਜ਼ਿੰਮੇਵਾਰੀ ਦੇ ਘੇਰੇ ਵਿੱਚ ਲਿਆਉਂਦੀ ਹੈ। ਇੱਥੇ ਕਵਿਤਾ ਵਿਰਲਾਪ ਤੋਂ ਅੱਗੇ ਵਧ ਕੇ ਸਿਧਾਂਤ ਬਣ ਜਾਂਦੀ ਹੈ ਬਿਨਾਂ ਕਾਵਿਕਤਾ ਗੁਆਏ। 'ਜੰਗ ਦਾ ਸਭ ਤੋਂ ਪਹਿਲਾ ਕਾਰਖ਼ਾਨਾ / ਲੋਹੇ ਦਾ ਨਹੀਂ ਹੁੰਦਾ / ਉਹ ਭਾਸ਼ਾ ਦਾ ਹੁੰਦਾ ਹੈ' ਇਹ ਅੰਸ਼ ਕਵਿਤਾ ਦਾ ਵਿਸ਼ਲੇਸ਼ਣਾਤਮਕ ਕੇਂਦਰ ਹੈ। ਕਾਰਖ਼ਾਨਾ ਉਦਯੋਗਿਕ ਆਧੁਨਿਕਤਾ ਦੀ ਯਾਦ ਜਗਾਉਂਦਾ ਹੈ ਪਰ ਕਵਿਤਾ ਇਸਨੂੰ ਪ੍ਰਤੀਕਾਤਮਕ ਉਤਪਾਦਨ ਨਾਲ ਜੋੜਦੀ ਹੈ। ਉੱਥੇ ਕੀ ਬਣਦਾ ਹੈ? ਗੋਲੀਆਂ, ਟੈਂਕ, ਡਰੋਨ? ਪਰ ਸਭ ਤੋਂ ਪਹਿਲਾਂ ਬਣਦੇ ਹਨ ਨਿਸ਼ਾਨ, ਖਤਰੇ ਦੀਆਂ ਸ਼੍ਰੇਣੀਆਂ, ਨੈਤਿਕ ਫ਼ਰਕ, ਮਾਰਣ ਦੀਆਂ ਮਨਜ਼ੂਰੀਆਂ। ਜੰਗ ਦੀ ਹਾਰ ਕਿਸੇ ਇੱਕ ਕਾਵਿਕ ਆਵਾਜ਼' ਤੇ ਨਹੀਂ ਟਿਕੀ। ਧਰਤੀ, ਇਤਿਹਾਸ, ਮਾਂ, ਬੱਚਾ, ਬੇਨਾਮ ਮਨੁੱਖ, ਕਵੀ;ਇਹ ਸਾਰੀਆਂ ਆਵਾਜ਼ਾਂ ਮਿਲ ਕੇ ਇੱਕ ਸਾਂਝੀ ਰਚਨਾ ਬਣਾਉਂਦੀਆਂ ਹਨ। ਪਰ ਇਹ ਸਿਰਫ਼ ਸੁਰਾਂ ਦਾ ਮਿਲਾਪ ਨਹੀਂ; ਹਰ ਆਵਾਜ਼ ਇੱਕ ਵਿਲੱਖਣ ਗਿਆਨਾਤਮਕ ਦ੍ਰਿਸ਼ਟੀਕੋਣ ਰੱਖਦੀ ਹੈ। ਜਿਵੇਂ ਧਰਤੀ; ਵਾਤਾਵਰਣਕ ਅਤੇ ਸਭਿਆਚਾਰਕ ਆਧਾਰ, ਇਤਿਹਾਸ; ਲਾਜ ਅਤੇ ਵਿਗੜੀ ਯਾਦ ਦਾ ਅਰਕਾਈਵ, ਮਾਂ; ਦੁੱਖ ਨੂੰ ਵਿਸ਼ਵ-ਨੈਤਿਕਤਾ ਵਿੱਚ ਬਦਲਦੀ ਆਵਾਜ਼, ਬੱਚਾ; ਮਾਸੂਮੀਅਤ ਵਜੋਂ ਦਾਰਸ਼ਨਿਕ ਪੱਖ, ਬੇਨਾਮ ਮਨੁੱਖ; ਮਿਹਨਤੀ ਮਨੁੱਖਤਾ ਜੋ ਅਸਲ ਇਤਿਹਾਸ ਢੋਂਦੀ ਹੈ। ਕਵੀ; ਭਾਸ਼ਾ ਦੀ ਸਵੈ-ਜਾਗਰੂਕ ਜ਼ਿੰਮੇਵਾਰੀ। ਇਸ ਕਵਿਤਾ ਵਿੱਚ ਵੇਸਟ ਲੈਂਡ ਹੁਣ ਸਿਰਫ਼ ਸੁੱਕੀ ਧਰਤੀ ਜਾਂ ਖੰਡਰ ਨਹੀਂ; ਇਹ ਨੈੱਟਵਰਕਡ ਖਾਲੀਪਣ ਹੈ;ਫਾਈਬਰ ਆਪਟਿਕਸ, ਡਰੋਨ, ਡਾਟਾ ਕੇਂਦਰ, ਐਲਗੋਰਿਦਮ, ਸਕਰੀਨ, ਨਿਗਰਾਨੀ, ਮੀਡੀਆ। ਇੱਥੇ ਬਰਬਾਦੀ ਸਿਰਫ਼ ਜੰਗ ਮਗਰੋਂ ਨਹੀਂ ਹੁੰਦੀ; ਇਹ ਢਾਂਚਾਗਤ, ਜਾਣਕਾਰੀ ਆਧਾਰਿਤ, ਪ੍ਰਤੀਕਾਤਮਕ ਹੈ। 'ਧਰਤੀ ਹੁਣ ਸਿਰਫ਼ ਬੰਜਰ ਨਹੀਂ ਰਹੀ / ਉਸਦਾ ਲਹੂ ਵੀ ਸੁੱਕ ਕੇ / ਡਾਟਾ ਬਣ ਗਿਆ ਹੈ'; ਆਧੁਨਿਕ ਹਿੰਸਾ ਦੇ ਅਭਾਸੀਕਰਨ ਨੂੰ ਦਰਸਾਉਂਦਾ ਹੈ। ਪੀੜ ਹੁਣ ਗਿਣਤੀ, ਪ੍ਰਬੰਧਨ ਅਤੇ ਪ੍ਰਸਤੁਤੀ ਦੀਆਂ ਪ੍ਰਣਾਲੀਆਂ ਵਿੱਚ ਸਮਾ ਗਈ ਹੈ। ਇਹ ਕਵਿਤਾ ਪਾਠਕ ਨੂੰ ਸਿਰਫ਼ ਭਟਕਦਾ ਹੋਇਆ ਨਹੀਂ ਛੱਡਦੀ; ਇਹ ਉਸਨੂੰ ਸ਼ਾਮਲ ਗਵਾਹ ਬਣਾਉਂਦੀ ਹੈ। ਕਵਿਤਾ ਖੰਡਰਾਂ ਦੀ ਨਕਸ਼ਾਬੰਦੀ' ਤੇ ਸੰਤੁਸ਼ਟ ਨਹੀਂ ਹੁੰਦੀ;ਇਹ ਉਸ ਵਿਆਕਰਣ ਨੂੰ ਬੇਨਕਾਬ ਕਰਦੀ ਹੈ ਜੋ ਉਨ੍ਹਾਂ ਨੂੰ ਬਣਾਉਂਦੀ ਹੈ। ਇਸ ਲਈ ਇਹ ਦਖ਼ਲਅੰਦਾਜ਼ੀ ਹੈ ਸਰਲ ਸਰਗਰਮੀ ਨਹੀਂ; ਬਲਕਿ ਦੁਬਾਰਾ ਦੇਖਣ ਦੀ ਕ੍ਰਿਆ ਹੈ। ਜੇ ਜੰਗ ਵਾਕ ਵਿੱਚ ਜੰਮਦੀ ਹੈ, ਤਾਂ ਕਵਿਤਾ ਉਹ ਥਾਂ ਬਣਦੀ ਹੈ ਜਿੱਥੇ ਵਾਕ ਨੂੰ ਨੈਤਿਕ ਤੌਰ' ਤੇ ਚੁਣੌਤੀ ਦਿੱਤੀ ਜਾ ਸਕੇ। ਇਹਨਾਂ ਅਰਥਾਂ ਵਿੱਚ ਜੰਗ ਦੀ ਹਾਰ ਆਧੁਨਿਕ ਕਵਿਤਾ ਦੀ ਭੂਮਿਕਾ ਨੂੰ ਨਵਾਂ ਅਰਥ ਦਿੰਦੀ ਹੈ। ਇਹ ਖੰਡਰਾਂ ਦੀ ਗਿਣਤੀ ਨਹੀਂ ਕਰਦੀ; ਇਹ ਪੁੱਛਦੀ ਹੈ;ਕੌਣ ਬੋਲਿਆ ਸੀ? ਕਿਹੜਾ ਵਾਕ ਪਹਿਲਾਂ ਲਿਖਿਆ ਗਿਆ ਸੀ? ਕਿਹੜੀ ਭਾਸ਼ਾ ਨੇ ਹਿੰਸਾ ਨੂੰ ਜਾਇਜ਼ ਠਹਿਰਾਇਆ? ਕਿਹੜੀ ਕਹਾਣੀ ਨੇ ਕਤਲ ਨੂੰ ਅਰਥ ਦਿੱਤਾ? ਇਸ ਅਰਥ ਵਿੱਚ ਕਵਿਤਾ ਸਿਰਫ਼ ਸੌਂਦਰਯਾਤਮਕ ਅਭਿਵਿਅਕਤੀ ਨਹੀਂ ਰਹਿੰਦੀ;ਇਹ ਨੈਤਿਕ-ਦਾਰਸ਼ਨਿਕ ਦਖ਼ਲਅੰਦਾਜ਼ੀ ਬਣ ਜਾਂਦੀ ਹੈ। ਅਜਿਹੀ ਸੋਚ ਜੋ ਭਾਸ਼ਾ ਦੇ ਅੰਦਰ ਲੁਕੇ ਜੰਗ ਦੇ ਬੀਜਾਂ ਨੂੰ ਉਘਾੜਦੀ ਹੈ।

ਦੋਹਾਂ ਕਵਿਤਾਵਾਂ ਦੀ ਕਾਵਿਕ ਬਣਤਰ ਦਾ ਤੁਲਨਾਤਮਕ ਅਧਿਐਨ ਕਰਨਾ ਵੀ ਬਹੁਤ ਮਹੱਤਵਪੂਰਣ ਬਣ ਜਾਂਦਾ ਹੈ। ਇੱਥੇ ਮਕਸਦ ਇਹ ਨਹੀਂ ਕਿ ਕਿਹੜੀ ਕਵਿਤਾ ਵੱਧ ਮਹਾਨ ਹੈ; ਸਵਾਲ ਇਹ ਹੈ ਕਿ ਦੋਵੇਂ ਕਵਿਤਾਵਾਂ ਵੱਡੇ ਇਤਿਹਾਸਕ ਸੰਕਟਾਂ ਨੂੰ ਆਪਣੇ-ਆਪਣੇ ਢੰਗ ਨਾਲ ਕਿਵੇਂ ਰਚਦੀਆਂ ਅਤੇ ਪੇਸ਼ ਕਰਦੀਆਂ ਹਨ। 'ਦ ਵੇਸਟ ਲੈਂਡ' ਦੀ ਬਣਤਰ ਟੁੱਟ–ਫੁੱਟ (discontinuity) ਨੂੰ ਆਪਣੇ ਰੂਪ ਦਾ ਹਿੱਸਾ ਬਣਾਉਂਦੀ ਹੈ। ਇਸ ਵਿੱਚ ਦ੍ਰਿਸ਼ ਇਕ-ਦੂਜੇ ਵਿੱਚ ਮਿਲ ਜਾਂਦੇ ਹਨ, ਬੋਲਣ ਵਾਲੇ ਬਦਲਦੇ ਰਹਿੰਦੇ ਹਨ, ਭਾਸ਼ਾਵਾਂ ਆਪਸ ਵਿੱਚ ਟਕਰਾਉਂਦੀਆਂ ਹਨ ਅਤੇ ਅਰਥ ਦੇ ਸੰਦਰਭ ਬਿਨਾਂ ਕਿਸੇ ਪੂਰੀ ਏਕਤਾ ਦੇ ਫੈਲਦੇ ਹਨ। ਇੱਥੇ ਕਵਿਤਾ ਦੀ ਬਣਤਰ ਆਪ ਹੀ ਖੰਡਰ ਬਣ ਜਾਂਦੀ ਹੈ। ਇਸਦੇ ਉਲਟ, ਜੰਗ ਦੀ ਹਾਰ ਟੁੱਟਣ (rupture) ਨੂੰ ਸਮਝਦੀ ਹੋਈ ਵੀ ਆਪਣੇ ਆਪ ਨੂੰ ਨੈਤਿਕ ਸਾਂਚੇ (ethical accumulation) ਵਜੋਂ ਸੰਗਠਿਤ ਕਰਦੀ ਹੈ। ਇਸ ਵਿੱਚ ਦੁਹਰਾਉ (repetition), ਗਵਾਹੀ ਦੇ ਕ੍ਰਮ (witness-sequences), ਸਿੱਧੀਆਂ ਪੁਕਾਰਾਂ (direct invocations) ਅਤੇ ਵਿਚਾਰਧਾਰਕ ਸਤਰਾਂ ਮਿਲ ਕੇ ਲਗਾਤਾਰ ਕਾਵਿਕ ਧਾਰਾ ਬਣਾਉਂਦੀਆਂ ਹਨ। ਸੰਸਾਰ ਭਾਵੇਂ ਟੁੱਟਿਆ ਹੋਇਆ ਹੋਵੇ, ਪਰ ਕਵਿਤਾ ਉਸ ਟੁੱਟਣ ਦੇ ਵਿਰੁੱਧ ਇੱਕ ਨੈਤਿਕ ਲਗਾਤਾਰਤਾ ਬਣਾਉਣ ਦੀ ਕੋਸ਼ਿਸ਼ ਕਰਦੀ ਹੈ। ਐਲੀਅਟ ਦੀ ਮੋਂਟਾਜ ਤਕਨੀਕ ਵਿੱਚ ਚੀਜ਼ਾਂ ਨੂੰ ਇਕੱਠਾ ਕਰਨ ਦੀ ਬਜਾਏ ਟਕਰਾਇਆ ਜਾਂਦਾ ਹੈ। ਪਾਠਕ ਇੱਕ ਦ੍ਰਿਸ਼ ਤੋਂ ਦੂਜੇ ਵਿੱਚ ਬਿਨਾਂ ਕਿਸੇ ਸਪੱਸ਼ਟ ਮਾਰਗਦਰਸ਼ਨ ਦੇ ਲੰਘਦਾ ਹੈ। ਅਰਥ ਇਨ੍ਹਾਂ ਟਕਰਾਵਾਂ ਵਿੱਚੋਂ ਹੀ ਪੈਦਾ ਹੁੰਦਾ ਹੈ। ਜਦਕਿ ਜੰਗ ਦੀ ਹਾਰ ਵਿੱਚ ਵੀ ਵਿਰੋਧੀ ਚਿੱਤਰ ਹਨ। ਧਰਤੀ ਅਤੇ ਡਾਟਾ, ਮਾਂ ਅਤੇ ਮਿਜ਼ਾਈਲ, ਰੋਟੀ ਅਤੇ ਬੰਬ, ਬੱਚਾ ਅਤੇ ਨਿਸ਼ਾਨਾ ਪਰ ਇਹ ਸਿਰਫ਼ ਟੁੱਟੇ ਹੋਏ ਦ੍ਰਿਸ਼ ਨਹੀਂ ਰਹਿੰਦੇ। ਇਹ ਮਿਲ ਕੇ ਇੱਕ ਮਜ਼ਬੂਤ ਨੈਤਿਕ ਦਲੀਲ ਬਣਾਉਂਦੇ ਹਨ। ਇਸ ਲਈ ਜਿੱਥੇ ਐਲੀਅਟ ਦੀ ਬਣਤਰ ਬਿਖੇਰਨ ਵਾਲੀ (centrifugal) ਹੈ, ਉੱਥੇ ਜੰਗ ਦੀ ਹਾਰ ਦੀ ਬਣਤਰ ਕੇਂਦਰ ਵੱਲ ਇਕੱਠੀ ਹੋਣ ਵਾਲੀ(centripetal) ਹੈ। 'ਦ ਵੇਸਟ ਲੈਂਡ' ਦਾ ਪਾਠਕ ਅਸਥਿਰਤਾ, ਅਜਨਬੀਪਨ ਅਤੇ ਸੱਭਿਆਚਾਰਕ ਇਕਸਾਰਤਾ ਦੀ ਕਮੀ ਨੂੰ ਮਹਿਸੂਸ ਕਰਦਾ ਹੈ। ਕਵਿਤਾ ਉਸਨੂੰ ਨਹੀਂ ਦੱਸਦੀ ਕਿ ਉਸਨੇ ਕਿੱਥੇ ਖੜ੍ਹਨਾ ਹੈ, ਇਹੀ ਇਸਦੀ ਖਾਸੀਅਤ ਹੈ। ਦੂਜੇ ਪਾਸੇ, ਜੰਗ ਦੀ ਹਾਰ ਪਾਠਕ ਨੂੰ ਨਿਰਪੱਖ ਰਹਿਣ ਦੀ ਆਗਿਆ ਨਹੀਂ ਦਿੰਦੀ। ਇਸ ਵਿੱਚ ਗਵਾਹੀ ਦੇ ਸੁਰ ਅਤੇ ਦ੍ਰਿੜ ਬਿਆਨ ਪਾਠਕ ਨੂੰ ਭਾਸ਼ਾ, ਹਿੰਸਾ ਅਤੇ ਨੈਤਿਕ ਜ਼ਿੰਮੇਵਾਰੀ ਦੇ ਸਵਾਲਾਂ ਨਾਲ ਜੋੜਦੇ ਹਨ। ਪਾਠਕ ਨੂੰ ਸਿਰਫ਼ ਇਹ ਨਹੀਂ ਲੱਗਦਾ ਕਿ ਦੁਨੀਆ ਟੁੱਟੀ ਹੋਈ ਹੈ, ਬਲਕਿ ਇਹ ਵੀ ਮਹਿਸੂਸ ਹੁੰਦਾ ਹੈ ਕਿ ਇਹ ਟੁੱਟਣਾ ਲਗਾਤਾਰ ਬਣਾਇਆ ਜਾ ਰਿਹਾ ਹੈ। ਐਲੀਅਟ ਦੀ ਕਵਿਤਾ ਚਿੱਤਰਾਂ (images)' ਤੇ ਆਧਾਰਿਤ ਹੈ;ਸੁੱਕਾਪਣ, ਟੁੱਟੇ ਚਿੱਤਰ, ਅਵਾਸਤਵਿਕ ਸ਼ਹਿਰ, ਪੱਥਰ, ਧੂੜ, ਡੁੱਬੀਆਂ ਲਾਸ਼ਾਂ;ਇਹੀ ਚਿੱਤਰ ਅਰਥ ਅਤੇ ਭਾਵਨਾ ਨੂੰ ਢੋਂਹਦੇ ਹਨ।

ਇਸਦੇ ਉਲਟ, ਜੰਗ ਦੀ ਹਾਰ ਵਿੱਚ ਵਾਕ (sentence) ਕੇਂਦਰ ਬਣ ਜਾਂਦਾ ਹੈ। ਵਾਕ ਹੀ ਜੰਗ ਦਾ ਮੈਦਾਨ, ਫੈਕਟਰੀ ਅਤੇ ਉਤਪਾਦਨ ਦੀ ਥਾਂ ਬਣ ਜਾਂਦਾ ਹੈ। ਇਹ ਆਧੁਨਿਕ ਕਾਵਿ-ਸੰਭਾਵਨਾਵਾਂ ਵਿੱਚ ਇੱਕ ਵੱਡਾ ਬਦਲਾਅ ਦਰਸਾਉਂਦਾ ਹੈ।

ਕਵਿਤਾ ਹੁਣ ਸਿਰਫ਼ ਚਿੱਤਰਾਂ ਨਾਲ ਨਹੀਂ, ਸਗੋਂ ਵਿਚਾਰਧਾਰਕ ਵਾਕਾਂ ਨਾਲ ਵੀ ਬਣਦੀ ਹੈ। ਦੋਵੇਂ ਕਵਿਤਾਵਾਂ ਮਹਾਂਕਾਵਿ-ਵਿਰੋਧੀ (anti-epic) ਹਨ ਪਰ ਵੱਖਰੇ ਢੰਗ ਨਾਲ। ਐਲੀਅਟ ਪਰੰਪਰਾਗਤ ਮਹਾਕਾਵਿ ਤੋਂ ਨਾਇਕ, ਲਗਾਤਾਰਤਾ ਅਤੇ ਮੁਕਤੀ ਦੀ ਧਾਰਨਾ ਹਟਾ ਦਿੰਦਾ ਹੈ। ਉਸਦੀ ਦੁਨੀਆ ਇੱਕ ਟੁੱਟਿਆ ਹੋਇਆ ਮਹਾਕਾਵਿ ਅਰਕਾਈਵ ਬਣ ਜਾਂਦੀ ਹੈ। ਜੰਗ ਦੀ ਹਾਰ ਵੀ ਰਵਾਇਤੀ ਨਾਇਕਤਾ ਨੂੰ ਅਸਵੀਕਾਰ ਕਰਦੀ ਹੈ, ਪਰ ਇਹ ਮਾਂ, ਬੱਚੇ, ਧਰਤੀ ਅਤੇ ਅਣਪਛਾਤੇ ਮਜ਼ਦੂਰ ਵਰਗੇ ਗਵਾਹਾਂ ਰਾਹੀਂ ਮਹਾਕਾਵਿ ਦੀ ਵਿਸ਼ਾਲਤਾ ਨੂੰ ਨਵਾਂ ਰੂਪ ਦਿੰਦੀ ਹੈ। ਇਹ ਜਿੱਤ ਦਾ ਨਹੀਂ ਸਗੋਂ ਦੋਸ਼ ਆਰੋਪਣ ਅਤੇ ਬਚਾਅ ਦਾ ਨੈਤਿਕ ਮਹਾਕਾਵਿ ਹੈ। ਐਲੀਅਟ ਦੀ ਬਣਤਰ ਅਜਿਹੀ ਦੁਨੀਆਂ ਨੂੰ ਦਰਸਾਉਂਦੀ ਹੈ ਜਿੱਥੇ ਪੁਰਾਣੀਆਂ ਏਕਤਾਵਾਂ ਟੁੱਟ ਚੁੱਕੀਆਂ ਹਨ। ਜਦਕਿ ਜੰਗ ਦੀ ਹਾਰ ਅਜਿਹੀ ਦੁਨੀਆਂ ਨੂੰ ਦਰਸਾਉਂਦੀ ਹੈ ਜਿੱਥੇ ਇਹ ਟੁੱਟ-ਭੱਜ ਸਿਰਫ਼ ਮਹਿਸੂਸ ਨਹੀਂ ਹੁੰਦੀ ਬਲਕਿ ਸੰਚਾਲਿਤ, ਵਿਆਖਿਆਤ, ਡਿਜੀਟਲ ਅਤੇ ਹਥਿਆਰਬੰਦ ਬਣਾਈ ਜਾਂਦੀ ਹੈ। ਇਸ ਲਈ ਇਸ ਕਵਿਤਾ ਨੂੰ ਸਿਰਫ਼ ਖੰਡਰ ਦੀ ਕਵਿਤਾ ਨਹੀਂ, ਸਗੋਂ ਖੰਡਰ ਨੂੰ ਬੇਨਕਾਬ ਕਰਨ ਵਾਲੀ ਕਵਿਤਾ ਦੀ ਲੋੜ ਹੁੰਦੀ ਹੈ। 'ਦ ਵੇਸਟ ਲੈਂਡ' ਖੰਡਰ ਦੀ ਰੂਪ-ਰਚਨਾ ਹੈ, ਜਦਕਿ ਜੰਗ ਦੀ ਹਾਰ ਉਸ ਭਾਸ਼ਾਈ ਪ੍ਰਣਾਲੀ ਦੇ ਖ਼ਿਲਾਫ਼ ਖੜ੍ਹੀ ਕਵਿਤਾ ਹੈ ਜੋ ਖੰਡਰ ਪੈਦਾ ਕਰਦੀ ਹੈ। ਐਲੀਅਟ ਟੁੱਟਣ ਦਾ ਸੰਗੀਤ ਰਚਦਾ ਹੈ, ਜਦਕਿ ਜੰਗ ਦੀ ਹਾਰ ਟੁੱਟਣ ਦੇ ਖ਼ਿਲਾਫ਼ ਇੱਕ ਨੈਤਿਕ ਅਦਾਲਤ ਤਿਆਰ ਕਰਦੀ ਹੈ।

ਜੇ 'ਦ ਵੇਸਟ ਲੈਂਡ' ਆਧੁਨਿਕ ਸਭਿਆਚਾਰ ਦੇ ਸੁੱਕੇਪਣ, ਬਾਂਝਪਣ ਅਤੇ ਵਿਖੰਡਨ ਦਾ ਇੱਕ ਮਹਾਨ ਕਾਵਿਕ ਰੂਪ ਹੈ ਤਾਂ ਜੰਗ ਦੀ ਹਾਰ ਉਸ ਤੋਂ ਅੱਗੇ ਦੇ ਯੁੱਗ ਦੀ ਕਵਿਤਾ ਨੂੰ ਦਰਸਾਉਂਦੀ ਹੈ। ਅਜਿਹਾ ਯੁੱਗ ਜਿੱਥੇ ਵੇਸਟ ਲੈਂਡ ਹੁਣ ਸਿਰਫ਼ ਪ੍ਰਤੀਕਾਤਮਕ ਸੁੱਕਾਪਣ ਨਹੀਂ ਰਹੀ। ਇਹ ਹੁਣ ਨੈੱਟਵਰਕਡ, ਹਥਿਆਰਬੰਦ, ਐਲਗੋਰਿਦਮਿਕ ਅਤੇ ਮੀਡੀਆ-ਨਿਰਮਿਤ ਹਕੀਕਤ ਬਣ ਚੁੱਕੀ ਹੈ। ਇਨ੍ਹਾਂ ਦੋਹਾਂ ਕਵਿਤਾਵਾਂ ਵਿਚ ਸਿਰਫ਼ ਥੀਮਾਤਮਕ ਸਮਾਨਤਾ ਨਹੀਂ ਹੈ, ਸਗੋਂ ਖੰਡਰ ਦੀ ਇਤਿਹਾਸਕ ਰੂਪ-ਪਰਿਵਰਤਨ (historical mutation of ruin) ਦਾ ਅੰਤਰ ਵੀ ਹੈ। ਐਲੀਅਟ ਦਾ ਖੰਡਰ ਠਹਿਰਾਅ(stillness) ਅਤੇ ਆਤਮਿਕ ਥਕਾਵਟ (spiritual exhaustion) ਦਾ ਪ੍ਰਤੀਕ ਹੈ; ਜਦਕਿ ਜੰਗ ਦੀ ਹਾਰ ਦਾ ਖੰਡਰ ਗਤੀ, ਸੰਚਾਰ (circulation), ਨਿਗਰਾਨੀ (surveillance) ਅਤੇ ਕਥਾ-ਨਿਯੰਤਰਣ (narrative management) ਨਾਲ ਭਰਪੂਰ ਹੈ। ਐਲੀਅਟ ਦੀ ਕਵਿਤਾ ਵਿੱਚ ਵੇਸਟ ਲੈਂਡ ਇੱਕ ਪੂਰੀ ਤਰ੍ਹਾਂ ਪ੍ਰਤੀਕਾਤਮਕ ਸਥਿਤੀ ਵਜੋਂ ਉਭਰਦੀ ਹੈ। ਇੱਥੇ ਧਰਤੀ ਸੁੱਕੀ ਹੈ, ਪਾਣੀ ਦੀ ਘਾਟ ਹੈ, ਇੱਛਾਵਾਂ ਥੱਕ ਚੁੱਕੀਆਂ ਹਨ, ਸ਼ਹਿਰ ਅਵਾਸਤਵਿਕ (unreal) ਹੈ ਅਤੇ ਯਾਦਾਂ ਟੁੱਟੀਆਂ ਹੋਈਆਂ ਹਨ। ਖੰਡਰ ਇੱਥੇ ਕੇਵਲ ਭੌਤਿਕ ਤਬਾਹੀ ਦਾ ਦ੍ਰਿਸ਼ ਨਹੀਂ, ਸਗੋਂ ਇੱਕ ਅਸਤਿਤਵਕ- ਸਾਂਸਕ੍ਰਿਤਿਕ ਮਾਹੌਲ ਹੈ ਜੋ ਆਤਮਿਕ ਸੁੱਕੇਪਣ (spiritual desiccation) ਦਾ ਗਹਿਰਾ ਰੂਪਕ ਬਣਦਾ ਹੈ। ਇਸ ਤਰ੍ਹਾਂ ਵੇਸਟ ਲੈਂਡ ਅਜਿਹੇ ਸਭਿਆਚਾਰ ਦੀ ਨਿਸ਼ਾਨੀ ਹੈ ਜਿਸ ਨੇ ਆਪਣੀ ਊਰਜਾ ਗੁਆ ਦਿੱਤੀ ਹੈ। ਇਸ ਪ੍ਰਤੀਕਾਤਮਕ ਸਥਿਤੀ ਵਿੱਚ ਗਤੀ ਘੱਟ ਹੈ ਅਤੇ ਥਕਾਵਟ ਵੱਧ। ਊਰਜਾ ਖ਼ਤਮ ਹੋ ਚੁੱਕੀ ਹੈ। ਭਾਵੇਂ ਭੀੜ ਦਿਖਦੀ ਹੈ, ਪਰ ਜੀਵੰਤਤਾ ਨਹੀਂ ਮਿਲਦੀ। ਇਸੇ ਕਰਕੇ ਐਲੀਅਟ ਦਾ ਵੇਸਟ ਲੈਂਡ ਸੁੱਕਾ, ਠਹਿਰਿਆ ਹੋਇਆ ਮਹਿਸੂਸ ਹੁੰਦਾ ਹੈ।

ਸਮਕਾਲੀ ਕਵਿਤਾ-ਚਰਚਾ ਦਾ ਕੇਂਦਰੀ ਪ੍ਰਸ਼ਨ ਹੈ ਕਿ ਜੇ ਭਾਵਨਾ ਉਤਪੰਨ ਕਰਨਾ ਹੀ ਕਾਵਿ ਦਾ ਮੁੱਖ ਕੰਮ ਹੈ ਤਾਂ ਫਿਰ ਰਸਾਇਣਿਕ ਅਵਸਥਾਵਾਂ, ਪ੍ਰਚਾਰ-ਤੰਤਰ, ਮਾਸ ਮੀਡੀਆ, ਵਿਚਾਰਧਾਰਾਤਮਕ ਭਾਸ਼ਣ ਅਤੇ ਕ੍ਰਿਤ੍ਰਿਮ ਬੁੱਧੀ ਦੁਆਰਾ ਤਿਆਰ ਕੀਤੀ ਗਈ ਭਾਵਾਤਮਕ ਭਾਸ਼ਾ ਵੀ ਇਹੀ ਕੰਮ ਕਰ ਸਕਦੇ ਹਨ। ਫਿਰ ਉੱਚ ਕੋਟੀ ਦੀ ਕਵਿਤਾ ਦਾ ਵਿਲੱਖਣ ਯੋਗਦਾਨ ਕੀ ਹੈ?ਇਸ ਭਾਗ ਦੀ ਮੁੱਖ ਦਲੀਲ ਇਹ ਹੈ ਕਿ ਕਵਿਤਾ ਦਾ ਕਾਰਜ ਸਿਰਫ਼ ਪ੍ਰਭਾਵ (affect) ਪੈਦਾ ਕਰਨਾ ਨਹੀਂ ਸਗੋਂ ਉਸਦਾ ਰੂਪਾਂਤਰਣ (transformation) ਕਰਨਾ ਹੈ। ਦੋਵੇਂ ਕਵਿਤਾਵਾਂ ਇਸ ਰੂਪਾਂਤਰਣ ਨੂੰ ਵੱਖ-ਵੱਖ ਢੰਗਾਂ ਨਾਲ ਉਜਾਗਰ ਕਰਦੀਆਂ ਹਨ। ਉੱਚ ਪੱਧਰ ਦੀ ਕਵਿਤਾ ਸਿਰਫ਼ ਭਾਵਨਾ ਪੈਦਾ ਨਹੀਂ ਕਰਦੀ; ਉਹ ਭਾਵਨਾ ਨੂੰ ਇਕ ਅਜਿਹੀ ਸੰਰਚਨਾ ਪ੍ਰਦਾਨ ਕਰਦੀ ਹੈ ਜਿਸ ਵਿੱਚ ਉਹ ਆਤਮ-ਜਾਣਕਾਰੀ, ਯਾਦ, ਨੈਤਿਕ ਪਛਾਣ ਜਾਂ ਬਦਲੇ ਹੋਏ ਅਨੁਭਵ ਵਿੱਚ ਪਰਿਵਰਤਿਤ ਹੋ ਜਾਂਦੀ ਹੈ। ਐਲੀਅਟ ਦੀ ਕਵਿਤਾ ਸਧਾਰਣ ਦੁੱਖ ਜਾਂ ਨਿਰਾਸ਼ਾ ਦਾ ਸਿਰਫ਼ ਉਤਪਾਦਨ ਨਹੀਂ ਕਰਦੀ। ਪਾਠਕ ਇਕ ਅਜਿਹੀ ਅਵਸਥਾ ਵਿੱਚ ਦਾਖ਼ਲ ਹੁੰਦਾ ਹੈ ਜਿਸਨੂੰ ਅਸਥਿਰਤਾ (disorientation) ਕਿਹਾ ਜਾ ਸਕਦਾ ਹੈ। ਇੱਥੇ ਭਾਵਨਾ ਇੱਕ-ਪੱਖੀ ਸ਼ੋਕ ਨਹੀਂ ਰਹਿੰਦੀ, ਸਗੋਂ ਟੁੱਟੀ ਹੋਈ ਚੇਤਨਾ ਦਾ ਅਨੁਭਵ ਬਣ ਜਾਂਦੀ ਹੈ। ਸੁੱਕਾਪਣ, ਥਕਾਵਟ, ਓਪਰਾਪਣ ਅਤੇ ਅੰਦਰੂਨੀ ਖਾਲੀਪਣ ਇਹ ਸਾਰੇ ਕਾਵਿ-ਰੂਪ ਦੀ ਵਿਖੰਡਿਤ ਬਣਤਰ ਨਾਲ ਅਟੁੱਟ ਤੌਰ' ਤੇ ਜੁੜੇ ਹਨ। ਪਾਠਕ ਸਿਰਫ਼ ਦੁੱਖ ਮਹਿਸੂਸ ਨਹੀਂ ਕਰਦਾ ਸਗੋਂ ਉਸ ਸੰਸਾਰ ਵਿੱਚ ਰਹਿਣ ਦਾ ਅਨੁਭਵ ਕਰਦਾ ਹੈ ਜਿੱਥੇ ਪ੍ਰਤੀਕਾਤਮਕ ਲਗਾਤਾਰਤਾ ਟੁੱਟ ਚੁੱਕੀ ਹੈ। ਇੱਥੇ ਕਵਿਤਾ ਪ੍ਰਭਾਵ ਨੂੰ ਵਿਖੰਡਿਤ ਸਭਿਆਚਾਰਕ ਚੇਤਨਾ ਵਿੱਚ ਬਦਲਦੀ ਹੈ। ਇਸੇ ਲਈ 'ਦ ਵੇਸਟ ਲੈਂਡ' ਸਿਰਫ਼ ਮੂਡ-ਕਵਿਤਾ ਨਹੀਂ ਰਹਿੰਦੀ; ਇਹ ਇਤਿਹਾਸਕ ਥਕਾਵਟ ਦੇ ਅਨੁਭਵ ਨੂੰ ਨਵੀਂ ਰੂਪ-ਰੇਖਾ ਦਿੰਦੀ ਹੈ। ਦੂਜੇ ਪਾਸੇ, ਜੰਗ ਦੀ ਹਾਰ ਵਿੱਚ ਦੁੱਖ, ਡਰ, ਕਰੁਣਾ, ਸ਼ਰਮ ਅਤੇ ਗੁੱਸਾ;ਇਹ ਸਾਰੇ ਪ੍ਰਭਾਵ ਮੌਜੂਦ ਹਨ, ਪਰ ਕਵਿਤਾ ਇਨ੍ਹਾਂ ਨੂੰ ਅਧੂਰੇ ਰੂਪ ਵਿੱਚ ਨਹੀਂ ਛੱਡਦੀ। ਦੁੱਖ ਗਵਾਹੀ ਦੇ ਸੁਰਾਂ ਰਾਹੀਂ ਸਾਂਝੇ ਸ਼ੋਕ ਵਿੱਚ ਬਦਲਦਾ ਹੈ। ਗੁੱਸਾ ਭਾਸ਼ਾਈ ਵਿਸ਼ਲੇਸ਼ਣ ਵਿੱਚ ਪਰਿਵਰਤਿਤ ਹੁੰਦਾ ਹੈ। ਸ਼ਰਮ ਨੈਤਿਕ ਸਾਂਝੇਦਾਰੀ ਦੀ ਪਛਾਣ ਬਣਦੀ ਹੈ। ਕਰੁਣਾ ਦੂਸਰੇ ਦੀ ਗਹਿਰੀ ਸਵੀਕ੍ਰਿਤੀ ਵਿੱਚ ਰੂਪਾਂਤਰਿਤ ਹੁੰਦੀ ਹੈ।

ਇਸ ਤਰ੍ਹਾਂ ਕਵਿਤਾ ਪ੍ਰਭਾਵ ਨੂੰ ਨੈਤਿਕ-ਭਾਸ਼ਾਈ ਜਾਗਰੂਕਤਾ ਵਿੱਚ ਬਦਲਦੀ ਹੈ। ਪਾਠਕ ਸਿਰਫ਼ ਪ੍ਰਭਾਵਿਤ ਨਹੀਂ ਹੁੰਦਾ; ਉਹ ਨਵੀਂ ਸਥਿਤੀ ਵਿੱਚ ਸਥਾਪਿਤ ਹੁੰਦਾ ਹੈ। ਉਹ ਸ਼ਬਦਾਂ ਨੂੰ ਨਵੇਂ ਢੰਗ ਨਾਲ ਸੁਣਨਾ ਸ਼ੁਰੂ ਕਰਦਾ ਹੈ। ਸੁਰੱਖਿਆ, ਹਿੱਤ, ਨੁਕਸਾਨ, ਕੁਰਬਾਨੀ, ਨਿਸ਼ਾਨਾ, ਇਤਿਹਾਸ। ਕਵਿਤਾ ਇੱਥੇ ਨੈਤਿਕਤਾ ਦੇ ਧੁਨੀ-ਖੇਤਰ ਨੂੰ ਹੀ ਬਦਲ ਦਿੰਦੀ ਹੈ। ਪ੍ਰਚਾਰ ਆਮ ਤੌਰ' ਤੇ ਪ੍ਰਭਾਵ ਨੂੰ ਇੱਕ ਹੀ ਦਿਸ਼ਾ ਵਿੱਚ ਮੋੜਦਾ ਹੈ: ਡਰ ਨੂੰ ਸਵੀਕਾਰ ਵਿੱਚ, ਸ਼ੋਕ ਨੂੰ ਬਦਲੇ ਵਿੱਚ ਅਤੇ ਅਪਮਾਨ ਨੂੰ ਹਿੰਸਾ ਵਿੱਚ ਬਦਲਦਾ ਹੈ। ਕਵਿਤਾ ਇਸਦੇ ਉਲਟ ਪ੍ਰਭਾਵ ਨੂੰ ਜਟਿਲ ਬਣਾਉਂਦੀ ਹੈ। ਇਹ ਸਿਰਫ਼ ਉਤੇਜਿਤ ਨਹੀਂ ਕਰਦੀ;ਇਹ ਗਹਿਰਾਈ ਪੈਦਾ ਕਰਦੀ ਹੈ। ਸੱਚੀ ਕਵਿਤਾ ਦੁੱਖ ਨੂੰ ਵਿਚਾਰ ਨਾਲ, ਗੁੱਸੇ ਨੂੰ ਸ਼ਰਮ ਨਾਲ, ਸ਼ਰਮ ਨੂੰ ਜ਼ਿੰਮੇਵਾਰੀ ਨਾਲ ਅਤੇ ਜ਼ਿੰਮੇਵਾਰੀ ਨੂੰ ਸੰਬੰਧ ਨਾਲ ਮਿਲਾਉਂਦੀ ਹੈ। ਇਹ ਫਰਕ ਬਹੁਤ ਮਹੱਤਵਪੂਰਣ ਹੈ। ਜੇ ਕੋਈ ਭਾਸ਼ਣ ਸਿਰਫ਼ ਭਾਵਨਾ ਨੂੰ ਪਹਿਲਾਂ ਹੀ ਨਿਰਧਾਰਤ ਵੈਰੀ ਜਾਂ ਉਦੇਸ਼ ਵੱਲ ਧੱਕਦਾ ਹੈ ਤਾਂ ਉਹ ਜੰਗ ਦੀ ਵਿਆਕਰਨ ਅੰਦਰ ਹੀ ਰਹਿੰਦਾ ਹੈ। ਕਵਿਤਾ ਆਪਣੀ ਵਿਲੱਖਣਤਾ ਤਦ ਪ੍ਰਾਪਤ ਕਰਦੀ ਹੈ ਜਦੋਂ ਉਹ ਇਸ ਸਾਧਨਾਤਮਕਤਾ ਨੂੰ ਤੋੜ ਕੇ ਪ੍ਰਭਾਵ ਨੂੰ ਦੁਬਾਰਾ ਜਟਿਲਤਾ ਵੱਲ ਖੋਲ੍ਹ ਦਿੰਦੀ ਹੈ। ਇੱਥੇ ਦੋਵੇਂ ਕਵਿਤਾਵਾਂ

ਵੱਖਰੇ ਢੰਗ ਨਾਲ ਸਿਖਾਉਂਦੀਆਂ ਹਨ। ਐਲੀਅਟ ਦਰਸਾਉਂਦਾ ਹੈ ਕਿ ਰੂਪ ਆਪ ਹੀ ਇਤਿਹਾਸਕ ਜ਼ਖ਼ਮ ਦਾ ਭਾਰ ਢੋਅ ਸਕਦਾ ਹੈ ਜਦਕਿ ਜੰਗ ਦੀ ਹਾਰ ਇਹ ਪ੍ਰਗਟ ਕਰਦੀ ਹੈ ਕਿ ਇਕ ਨਵਾਂ ਰੂਪਕ ਜਿਵੇਂ ਕਿ ਵਾਕ ਵਿੱਚ ਹੀ ਜੰਗ ਦੀ ਸ਼ੁਰੂਆਤ ਹਿੰਸਾ ਦੇ ਲੁਕੇ ਹੋਏ ਤੰਤਰ ਨੂੰ ਉਜਾਗਰ ਕਰ ਸਕਦਾ ਹੈ। ਦੋਹਾਂ ਮਾਮਲਿਆਂ ਵਿੱਚ ਕਵਿਤਾ ਸਿਰਫ਼ ਸਮੱਗਰੀ ਪੈਦਾ ਨਹੀਂ ਕਰਦੀ;ਇਹ ਅਸਤਿਤਵਕ ਖੁਲਾਸਾ (ontological disclosure) ਕਰਦੀ ਹੈ। 'ਦ ਵੇਸਟ ਲੈਂਡ' ਟੁੱਟੀਆਂ ਹੋਈਆਂ ਤਸਵੀਰਾਂ ਅਤੇ ਅਧੂਰੀ ਬੇਚੈਨੀ ਦਾ ਅਸਰ ਛੱਡਦੀ ਹੈ। ਜੰਗ ਦੀ ਹਾਰ ਅਜਿਹੇ ਵਾਕਾਂਸ਼ ਛੱਡਦੀ ਹੈ ਜੋ ਜਨਤਕ ਭਾਸ਼ਾ ਨੂੰ ਸੁਣਨ ਦਾ ਢੰਗ ਬਦਲ ਦਿੰਦੇ ਹਨ। ਇਸ ਤਰ੍ਹਾਂ ਕਵਿਤਾ ਸਿਰਫ਼ ਤੀਬਰਤਾ ਵਿੱਚ ਹੀ ਨਹੀਂ, ਸਗੋਂ ਆਪਣੇ ਸਮਕਾਲੀ ਅਸਰ ਵਿੱਚ ਵੀ ਵੱਖਰੀ ਹੈ। ਇਹ ਅੰਦਰੂਨੀ ਅਵਧੀ (interior duration) ਬਣ ਜਾਂਦੀ ਹੈ। ਕਵਿਤਾ ਭਾਵਨਾ ਪੈਦਾ ਕਰਨ ਕਰਕੇ ਨਹੀਂ ਸਗੋਂ ਭਾਵਨਾ ਨੂੰ ਰੂਪ, ਯਾਦ, ਸੰਬੰਧ, ਨੈਤਿਕ ਗੂੰਜ ਅਤੇ ਬਦਲੇ ਹੋਏ ਅਨੁਭਵ ਵਿੱਚ ਪਰਿਵਰਤਿਤ ਕਰਨ ਕਰਕੇ ਵਿਲੱਖਣ ਹੈ। 'ਦ ਵੇਸਟ ਲੈਂਡ' ਪ੍ਰਭਾਵ ਨੂੰ ਵਿਖੰਡਨ-ਚੇਤਨਾ ਵਿੱਚ ਬਦਲਦੀ ਹੈ; ਜੰਗ ਦੀ ਹਾਰ ਪ੍ਰਭਾਵ ਨੂੰ ਜੰਗੀ ਭਾਸ਼ਾ ਦੀ ਨੈਤਿਕ ਪਛਾਣ ਵਿੱਚ ਪਰਿਵਰਤਿਤ ਕਰਦੀ ਹੈ। ਇਸੇ ਲਈ ਕਵਿਤਾ ਅਖੰਡ ਅਤੇ ਅਦਲ-ਬਦਲ ਤੋਂ ਪਰੇ ਰਹਿੰਦੀ ਹੈ।

ਇਨ੍ਹਾਂ ਦੋਹਾਂ ਕਵਿਤਾਵਾਂ ਨੂੰ ਆਧਾਰ ਬਣਾ ਕੇ ਕੀ ਕਵਿਤਾ ਵਿੱਚ ਵਿਕਾਸ ਹੋਇਆ ਹੈ? ਇਸ ਸਵਾਲ ਦਾ ਜਵਾਬ ਲੱਭਿਆ ਜਾ ਸਕਦਾ ਹੈ। ਕਵਿਤਾ ਵਿੱਚ ਵਿਕਾਸ ਹੋਇਆ ਹੈ ਪਰ ਵਿਗਿਆਨ ਵਾਂਗ ਲਕੀਰੀ ਪ੍ਰਗਤੀ ਦੇ ਅਰਥ ਵਿੱਚ ਨਹੀਂ। ਕਵਿਤਾ ਆਪਣੇ ਭੂਤਕਾਲ ਨੂੰ ਅਪ੍ਰਸੰਗਿਕ ਨਹੀਂ ਕਰਦੀ। ਇਸਦੀ ਜਗ੍ਹਾ ਕਾਵਿ-ਚੇਤਨਾ ਇਤਿਹਾਸਕ ਤੌਰ' ਤੇ ਫੈਲਦੀ, ਬਦਲਦੀ ਅਤੇ ਆਪਣੇ ਆਪ ਨੂੰ ਨਵੀਂ ਦਿਸ਼ਾ ਵਿੱਚ ਮੋੜਦੀ ਹੈ। 'ਦ ਵੇਸਟ ਲੈਂਡ' ਇਤਿਹਾਸਕ ਤੌਰ' ਤੇ ਇਸ ਲਈ ਮਹੱਤਵਪੂਰਨ ਹੈ ਕਿ ਇਸਨੇ ਆਧੁਨਿਕ ਟੁੱਟ-ਭੱਜ ਲਈ ਉਚਿਤ ਰੂਪ ਲੱਭਿਆ। ਜੰਗ ਦੀ ਹਾਰ ਇਸ ਲਈ ਅਹਿਮ ਹੈ ਕਿ ਇਹ ਸਮਕਾਲੀ ਜੰਗੀ ਭਾਸ਼ਾ, ਨੈੱਟਵਰਕ-ਅਧਾਰਿਤ ਤਬਾਹੀ ਅਤੇ ਨੈਤਿਕ ਦੋਸ਼ ਆਰੋਪਣ ਲਈ ਉਚਿਤ ਰੂਪ ਬਣਾਉਂਦੀ ਹੈ। ਇਸ ਲਈ ਇੱਥੇ ਵਿਕਾਸ ਦਾ ਮਤਲਬ ਮੁੱਲਾਂ ਦੀ ਤਬਦੀਲੀ ਨਹੀਂ ਸਗੋਂ ਸਮਰੱਥਾ ਦਾ ਫੈਲਾਅ ਹੈ।

ਐਲੀਅਟ ਦੀ ਕਵਿਤਾ ਉਹ ਕਾਵਿ-ਬੁੱਧੀ ਦਰਸਾਉਂਦੀ ਹੈ ਜੋ ਟੁੱਟ-ਭੱਜ ਨੂੰ ਹੀ ਰੂਪ ਵਿੱਚ ਬਦਲ ਸਕਦੀ ਹੈ। ਜੰਗ ਦੀ ਹਾਰ ਉਹ ਕਾਵਿ-ਬੁੱਧੀ ਦਿਖਾਉਂਦੀ ਹੈ ਜੋ ਭਾਸ਼ਾ, ਕਥਾ ਅਤੇ ਤਕਨੀਕੀ ਅਬਸਟਰੈਕਸ਼ਨ ਨੂੰ ਵੀ ਕਾਵਿ-ਸਾਮੱਗਰੀ ਬਣਾ ਸਕਦੀ ਹੈ। ਇਹ ਦਰਸਾਉਂਦਾ ਹੈ ਕਿ ਕਵਿਤਾ ਦੀ ਪਕੜ ਦਾ ਖੇਤਰ ਵਧ ਗਿਆ ਹੈ। ਜੋ ਪਹਿਲਾਂ ਅਕਾਵਿਕ ਲੱਗਦਾ ਸੀ, ਦਫ਼ਤਰੀ ਭਾਸ਼ਾ, ਰਣਨੀਤਿਕ ਜਾਰਗਨ, ਡਾਟਾ-ਸੰਰਚਨਾ;ਹੁਣ ਕਵਿਤਾ ਦੇ ਅੰਦਰ ਆ ਸਕਦਾ ਹੈ ਬਿਨਾਂ ਆਪਣੀ ਕਾਵਿਕਤਾ ਗੁਆਏ। ਇਨ੍ਹਾਂ ਦੋਹਾਂ ਕਵਿਤਾਵਾਂ ਰਾਹੀਂ ਦਿਸਦਾ ਇੱਕ ਵੱਡਾ ਵਿਕਾਸ ਇਹ ਹੈ ਕਿ ਧਿਆਨ ਸਿਰਫ਼ ਹਾਲਾਤ ਦੀ ਪੇਸ਼ਕਾਰੀ ਤੋਂ ਹਟ ਕੇ ਪ੍ਰਕਿਰਿਆ ਦੀ ਪੋਲ ਖੋਲ੍ਹਣ ਵੱਲ ਗਿਆ ਹੈ। ਐਲੀਅਟ ਸਾਨੂੰ ਸਭਿਆਚਾਰਕ ਥਕਾਵਟ ਦੀ ਹਾਲਤ ਦਿਖਾਉਂਦਾ ਹੈ। ਜੰਗ ਦੀ ਹਾਰ ਉਹ ਮਕੈਨਿਜ਼ਮ ਪਛਾਨਣ ਦੀ ਕੋਸ਼ਿਸ਼ ਕਰਦੀ ਹੈ, ਭਾਸ਼ਾਈ, ਰਾਜਨੀਤਿਕ, ਕਥਾਤਮਕ;ਜਿਸ ਰਾਹੀਂ ਜੰਗ ਅਤੇ ਤਬਾਹੀ ਮੁੜ ਮੁੜ ਪੈਦਾ ਹੁੰਦੀ ਹੈ। ਇਹ ਸਿਰਫ਼ ਵਿਸ਼ੇ ਦਾ ਨਵਾਂਪਣ ਨਹੀਂ; ਇਸ ਗੱਲ ਦਾ ਬਦਲਾਅ ਹੈ ਕਿ ਕਾਵਿ-ਬੁੱਧੀ ਹੁਣ ਕੀ ਕਰਨ ਦੀ ਹਿੰਮਤ ਕਰ ਸਕਦੀ ਹੈ। 'ਦ ਵੇਸਟ ਲੈਂਡ' ਮਾਹੌਲ, ਪ੍ਰਤੀਕਾਤਮਕ ਘਣਤਾ ਅਤੇ ਟੁੱਟੀ ਹੋਈ ਚੇਤਨਾ ਵਿੱਚ ਉਤਕ੍ਰਿਸ਼ਟ ਹੈ। ਜੰਗ ਦੀ ਹਾਰ ਮਾਹੌਲ ਨੂੰ ਕਾਇਮ ਰੱਖਦਿਆਂ ਹੋਰ ਸਪਸ਼ਟ ਤੌਰ' ਤੇ ਵਿਸ਼ਲੇਸ਼ਣ ਅਤੇ ਨੈਤਿਕ ਫ਼ੈਸਲਾ ਵੀ ਸ਼ਾਮਲ ਕਰਦੀ ਹੈ। ਇਸ ਨਾਲ ਐਲੀਅਟ ਦਾ ਮਹੱਤਵ ਘਟ ਨਹੀਂ ਹੋ ਜਾਂਦਾ; ਇਹ ਦਰਸਾਉਂਦਾ ਹੈ ਕਿ ਬਦਲੇ ਇਤਿਹਾਸਕ ਸੰਦਰਭਾਂ ਵਿੱਚ ਕਵਿਤਾ ਦੀ ਭੂਮਿਕਾ ਵਧੇਰੇ ਸਪੱਸ਼ਟਤਾ ਦੀ ਮੰਗ ਕਰ ਸਕਦੀ ਹੈ, ਖ਼ਾਸ ਕਰਕੇ ਜਦੋਂ ਹਿੰਸਾ ਪ੍ਰਸ਼ਾਸਨੀ ਤਰੀਕੇ ਨਾਲ ਸਧਾਰਨ ਬਣਾਈ ਜਾਂਦੀ ਹੈ। ਜੇ ਕਾਵਿ-ਰੂਪ ਇਤਿਹਾਸ ਦੇ ਨਾਲ ਬਦਲਦਾ ਹੈ ਤਾਂ ਕਾਵਿ-ਵਿਕਾਸ ਨੂੰ ਜ਼ਿੰਮੇਵਾਰੀ ਦੇ ਫੈਲਾਅ ਵਜੋਂ ਸਮਝਿਆ ਜਾ ਸਕਦਾ ਹੈ। ਬਦਲਦੀ ਕਵਿਤਾ ਨੂੰ ਸਿਰਫ਼ ਆਤਮਿਕ ਰੁੱਖਾਪਣ ਨਹੀਂ, ਸਗੋਂ ਮੀਡੀਆ-ਚਲਿਤ ਜੰਗ, ਅਬਸਟਰੈਕਟ ਹਿੰਸਾ ਅਤੇ ਮਨੁੱਖਤਾ-ਵਿਰੋਧੀ ਵਾਕ-ਰਚਨਾ ਨਾਲ ਵੀ ਮੁਕਾਬਲਾ ਕਰਨਾ ਪੈਂਦਾ ਹੈ। ਇਸ ਅਰਥ ਵਿੱਚ ਵਿਕਾਸ ਦਾ ਮਤਲਬ ਹੈ ਕਿ ਕਵਿਤਾ ਹੁਣ ਤਾਕਤ ਦੇ ਵਧੇਰੇ ਖੇਤਰਾਂ ਦੀ ਗਵਾਹ ਬਣਦੀ ਹੈ। ਫਿਰ ਵੀ ਕੁੱਝ ਤੱਤ ਅਟੱਲ ਰਹਿੰਦੇ ਹਨ। ਦੋਹਾਂ ਕਵਿਤਾਵਾਂ ਵਿੱਚ ਕਵਿਤਾ ਅਨੁਭਵ ਨੂੰ ਨਵੀਂ ਤਰ੍ਹਾਂ ਦਿਖਾਉਂਦੀ ਹੈ। ਇਹ ਅਨੁਭਵ ਨੂੰ ਰੂਪ ਵਿੱਚ ਬਦਲਦੀ ਹੈ। ਇੱਕ ਅਜਿਹੀ ਭਾਸ਼ਾ ਰਚਦੀ ਹੈ ਜੋ ਸਿਰਫ਼ ਜਾਣਕਾਰੀ ਤੱਕ ਘਟਾਈ ਨਹੀਂ ਜਾ ਸਕਦੀ ਅਤੇ ਉਹ ਖੇਤਰ ਖੋਲ੍ਹਦੀ ਹੈ ਜਿੱਥੇ ਆਮ ਭਾਸ਼ਾ ਨਹੀਂ ਪਹੁੰਚਦੀ। ਇਸ ਲਈ ਵਿਕਾਸ ਨੂੰ ਮੂਲ ਤੱਤ ਦੇ ਬਦਲਾਅ ਨਾਲ ਨਹੀਂ ਮਿਲਾਇਆ ਜਾ ਸਕਦਾ।

ਇਨ੍ਹਾਂ ਦੋਹਾਂ ਕਵਿਤਾਵਾਂ ਦੇ ਆਧਾਰ' ਤੇ ਕਹਿ ਸਕਦੇ ਹਾਂ ਕਿ ਕਵਿਤਾ ਵਿੱਚ ਵਿਕਾਸ ਇਸ ਅਰਥ ਵਿੱਚ ਹੋਇਆ ਹੈ ਕਿ ਹੁਣ ਇਹ ਅਨੁਭਵ ਦੇ ਨਾਲ ਨਾਲ ਸੰਰਚਨਾ, ਭਾਸ਼ਾਈ ਚਰਚਾ, ਤਕਨੀਕ ਅਤੇ ਜਾਇਜ਼ਤਾ ਨੂੰ ਵੀ ਕਾਵਿ-ਸਾਮੱਗਰੀ ਬਣਾ ਸਕਦੀ ਹੈ। ਪਰ ਇਹ ਵਿਕਾਸ ਹੇਰਾਰਕੀ ਨਹੀਂ; ਇਹ ਫੈਲਾਅ ਹੈ। ਐਲੀਅਟ ਦੀ ਮਹਾਨਤਾ ਕਾਇਮ ਰਹਿੰਦੀ ਹੈ, ਜਦਕਿ ਜੰਗ ਦੀ ਹਾਰ ਦੀ ਨਵੀਂ ਸਮੀਕਰਣ ਉਭਰਦੀ ਹੈ। ਦੋਵੇਂ ਮਿਲ ਕੇ ਕਾਵਿ-ਚੇਤਨਾ ਦੇ ਇਤਿਹਾਸਕ ਫੈਲਾਅ ਨੂੰ ਦਰਸਾਉਂਦੀਆਂ ਹਨ।

ਕੀ ਕਵਿਤਾ ਦੀ ਭੂਮਿਕਾ ਵੀ ਬਦਲੀ ਹੈ? ਇਨ੍ਹਾਂ ਦੋਹਾਂ ਕਵਿਤਾਵਾਂ ਨੂੰ ਇਕੱਠੇ ਪੜ੍ਹਕੇ ਇਸਦਾ ਜਵਾਬ ਹਾਂ ਵਿੱਚ ਮਿਲਦਾ ਹੈ। ਕਵਿਤਾ 'ਦ ਵੇਸਟ ਲੈਂਡ' ਅਤੇ ਜੰਗ ਦੀ ਹਾਰ ਮਿਲ ਕੇ ਦਿਖਾਉਂਦੀਆਂ ਹਨ ਕਿ ਕਿਵੇਂ ਕਵਿਤਾ ਗਵਾਹੀ ਤੋਂ ਵਿਸ਼ਲੇਸ਼ਣ, ਦੋਸ਼ ਆਰੋਪਣ ਅਤੇ ਦਖ਼ਲਅੰਦਾਜ਼ੀ ਵੱਲ ਵਧਦੀ ਹੈ। 'ਦ ਵੇਸਟ ਲੈਂਡ' ਵਿੱਚ ਕਵਿਤਾ ਟੁੱਟਦੇ ਸੰਸਾਰ ਦਾ ਸੰਵੇਦਨਸ਼ੀਲ ਨਕਸ਼ਾ ਬਣਦੀ ਹੈ। ਇਹ ਸਭਿਆਚਾਰਕ ਵਿਘਟਨ, ਅੰਦਰੂਨੀ ਥਕਾਵਟ ਅਤੇ ਪ੍ਰਤੀਕਾਤਮਕ ਟੁੱਟ-ਫੁੱਟ ਨੂੰ ਰੂਪ ਦਿੰਦੀ ਹੈ। ਪਰ ਇਹ ਆਪਣੇ ਆਪ ਨੂੰ ਖੁੱਲ੍ਹੇ ਤੌਰ' ਤੇ ਦੋਸ਼ ਲਗਾਉਣ ਵਾਲੀ ਭੂਮਿਕਾ ਵਿੱਚ ਨਹੀਂ ਰੱਖਦੀ। ਇਸਦੀ ਤਾਕਤ ਵਿਘਟਨ ਨੂੰ ਠੀਕ ਰੂਪ ਵਿੱਚ ਦਰਜ ਕਰਨ ਵਿੱਚ ਹੈ। ਇਸਦੇ ਉਲਟ, ਜੰਗ ਦੀ ਹਾਰ ਵਿੱਚ ਕਵਿਤਾ ਦੀ ਭੂਮਿਕਾ ਵਧ ਜਾਂਦੀ ਹੈ। ਇਹ ਸਿਰਫ਼ ਤਬਾਹੀ ਦਰਜ ਨਹੀਂ ਕਰਦੀ, ਸਗੋਂ ਪੁੱਛਦੀ ਹੈ: ਕਿਸ ਭਾਸ਼ਾ, ਕਿਸ ਕਹਾਣੀ ਅਤੇ ਕਿਸ ਜਾਇਜ਼ੇ ਰਾਹੀਂ ਇਹ ਤਬਾਹੀ ਸੰਭਵ ਬਣਦੀ ਹੈ? ਇੱਥੇ ਕਵਿਤਾ ਨੈਤਿਕ ਪੁੱਛਗਿੱਛ ਬਣ ਜਾਂਦੀ ਹੈ ਸਿਰਫ਼ ਨੁਕਸਾਨ ਦੀ ਗਵਾਹੀ ਨਹੀਂ। ਇਹ ਇਕ ਵੱਡਾ ਬਦਲਾਉ ਹੈ। ਕਵਿਤਾ ਹੁਣ ਕੇਵਲ ਵਿਰਲਾਪ ਨਹੀਂ ਰਹਿੰਦੀ; ਇਹ ਅਦਾਲਤ ਦੇ ਨੇੜੇ ਖੜ੍ਹੀ ਦਿਸਦੀ ਹੈ। ਫਿਰ ਵੀ ਇਹ ਕਵਿਤਾ ਹੀ ਰਹਿੰਦੀ ਹੈ ਕਿਉਂਕਿ ਇਹ ਆਪਣੀ ਜਾਂਚ ਰੂਪਕ, ਲਯ, ਦੁਹਰਾਵਾਂ ਅਤੇ ਕਲਪਨਾਤਮਕ ਭਾਸ਼ਾ ਰਾਹੀਂ ਕਰਦੀ

ਹੈ। ਇਸ ਤਰਾਂ ਜੰਗ ਨੂੰ ਠੀਕ ਤਰੀਕੇ ਨਾਲ ਸਮਝਣ ਲਈ ਸਾਨੂੰ ਬੈਟਲਫੀਲਡ ਤੋਂ ਪਹਿਲਾਂ ਵਾਕ ਨੂੰ ਪੜ੍ਹਣਾ ਪਵੇਗਾ। ਜੰਗ ਸਿਰਫ਼ ਹਥਿਆਰਾਂ ਨਾਲ ਨਹੀਂ ਲੜੀ ਜਾਂਦੀ; ਇਹ ਵਿਆਕਰਨ ਵਿੱਚ ਤਿਆਰ ਹੁੰਦੀ ਹੈ, ਕਹਾਣੀ ਵਿੱਚ ਜਾਇਜ਼ ਠਹਿਰਾਈ ਜਾਂਦੀ ਹੈ, ਵਾਰਤਾਲਾਪ ਰਾਹੀਂ ਫ਼ੈਲਾਈ ਜਾਂਦੀ ਹੈ ਅਤੇ ਤਕਨਾਲੋਜੀ ਦੁਆਰਾ ਵਿਸਥਾਰਿਤ ਹੁੰਦੀ ਹੈ। ਇਸ ਅਰਥ ਵਿੱਚ ਅੱਜ ਦੀ ਕਵਿਤਾ ਦੀ ਸਭ ਤੋਂ ਡੂੰਘੀ ਜੰਗ ਸਿਰਫ਼ ਜੰਗ ਦੇ ਖ਼ਿਲਾਫ਼ ਨਹੀਂ ਸਗੋਂ ਉਸ ਵਿਆਕਰਨ ਦੇ ਖ਼ਿਲਾਫ਼ ਹੈ ਜੋ ਮਨੁੱਖਾਂ ਨੂੰ ਇੱਕ-ਦੂਜੇ ਨੂੰ ਲਾਜ਼ਮੀ ਨਿਸ਼ਾਨਿਆਂ ਵਜੋਂ ਪੜ੍ਹਨਾ ਸਿਖਾਉਂਦੀ ਹੈ।

ਇਹ ਕਵਿਤਾਵਾਂ ਇਹ ਦਾਅਵਾ ਤਾਂ ਨਹੀਂ ਕਰਦੀਆਂ ਕਿ ਕਵਿਤਾ ਸਾਧਾਰਣ ਤਰੀਕੇ ਨਾਲ ਦੁਨੀਆ ਨੂੰ ਬਚਾ ਸਕਦੀ ਹੈ। ਪਰ ਇਹ ਹੋਰ ਜ਼ਿਆਦਾ ਮੂਲਭੂਤ ਗੱਲ ਕਹਿੰਦੀਆਂ ਹਨ ਕਿ ਕਵਿਤਾ ਇੱਕ ਹੋਰ ਵਾਕ ਸੰਭਵ ਬਣਾ ਸਕਦੀ ਹੈ। ਕਿਉਂਕਿ ਮਨੁੱਖ ਵਾਕਾਂ ਰਾਹੀਂ ਹੀ ਸੰਸਾਰ ਵਿੱਚ ਵਸਦਾ ਹੈ, ਇਸ ਸੰਭਾਵਨਾ ਦੀ ਮਹੱਤਤਾ ਹੈ। ਇਸ ਲਈ ਕਵਿਤਾ ਦਾ ਭਵਿੱਖ ਸ਼ੁੱਧਤਾ, ਪਲਾਇਨ ਜਾਂ ਸਿਰਫ਼ ਸ਼ੌਂਕ ਵਿੱਚ ਹੀ ਨਹੀਂ ਵੱਸਦਾ। ਇਹ ਉਸ ਮੁਸ਼ਕਲ ਕੰਮ' ਤੇ ਨਿਰਭਰ ਹੈ ਜਿਸ ਵਿੱਚ ਮਨੁੱਖ-ਵਿਰੋਧੀ ਵਿਆਕਰਣ ਨੂੰ ਬੇਨਕਾਬ ਕੀਤਾ ਜਾ ਸਕੇ। ਇਸ ਲਈ ਖੰਡਰ ਤੋਂ ਬਾਅਦ ਦੀ ਕਵਿਤਾ ਸਿਰਫ਼ ਰਾਖ ਨਹੀਂ ਲਿਖੇਗੀ; ਉਹ ਰਾਖ ਪੈਦਾ ਕਰਨ ਵਾਲੀ ਭਾਸ਼ਾ ਦੇ ਵਿਰੁੱਧ ਵੀ ਲਿਖੇਗੀ। ਇਹ ਵਿਰੋਧ ਹੀ ਉਸਦਾ ਭਵਿੱਖ ਨਿਰਧਾਰਣ ਕਰੇਗਾ।

## ਹਵਾਲੇ ਅਤੇ ਟਿੱਪਣੀਆ


1. *Bush, Ronald (1984), T. S. Eliot: A Study in Character and Style, Oxford University Press, New York*
2. *Dwivedi, A.N. (2001), T. S. Eliot: The Poet and His Critics, Atlantic Publishers & Distributors, New Delhi.*
3. *Eksteins, Modris (1989), Rites of Spring: The Great War and the Birth of the Modern Age, Houghton Mifflin, Boston.*
4. *Eliot, T. S. (1932), Selected Essays, Harcourt, Brace & Company, New York.*
5. *Eliot, T. S. (1922), The Waste Land and Other Poems, Faber and Faber, London.*
6. *Fussell, Paul (1975), The Great War and Modern Memory, Oxford University Press, New York.*
7. *Hynes, Samuel (1991), A War Imagined: The First World War and English Culture, Atheneum, New York.*
8. *Kenner, Hugh (1959), The Invisible Poet: T.S. Eliot, McDowell Obolensky, New York.*
9. *Levenson, Michael (1984), A Genealogy of Modernism: A Study of English Literary Doctrine 1908–1922, Cambridge University Press, Cambridge.*
10. *Naik, M. K. (1982), A History of Indian English Literature, Sahitya Akademi, New Delhi.*
11. *Smith, Grover (1956), T.S. Eliot's Poetry and Plays: A Study in Sources and Meaning, University of Chicago Press, Chicago.*
12. *Winter, Jay (1995), Sites of Memory, Sites of Mourning: The Great War in European Cultural History, Cambridge University Press, Cambridge.*



## *Cite this Article-*

*ਡਾ. ਅਕਾਲ ਅੰਮ੍ਰਿਤ ਕੌਰ (Dr. Akal Amrit Kaur), ਖੰਡਰ ਤੋਂ ਵਿਆਕਰਣ ਤੱਕ: 'ਦ ਵੇਸਟ ਲੈਂਡ' ਅਤੇ 'ਜੰਗ ਦੀ ਹਾਰ' ਦਾ ਕਾਵਿ-ਸੰਰਚਨਾਤਮਕ ਵਿਸ਼ਲੇਸ਼ਣ (Khandar Ton Vyakarn Tak: 'The Waste Land' Ate 'Jang Di Haar' Da Kaav-Sanrachnatamak Vishleshan), ਅਰਮਾਨ (ARMAAN), ISSN: 2583-9446 (O), Volume- 4, Issue- 2, April-June 2026, Page: 109-114.*

*Journal URL: www.armaan.org.in*

*DOI: https://doi.org/10.64119/armaan.vol.4.issue2.20*


*This article is an open access article published under the terms and conditions of the Creative Commons Attribution (CC BY-NC 4.0) license. https://creativecommons.org/licenses/by-nc/4.0/*